So now, I had only 1/2 hour left before Simran was starting. I reminded myself that I have committed to coming to The Bala Pritam Darbar every Saturday morning from 4:00 am to 6:00 am. to meditate and then and do our morning prayers. So I quickly took a shower and jumped into my car.

Ah man.. can't begin to tell you how I felt then. On my drive to the Darbar I felt this beauty, power, energy. This... how you say... this internal Cosmo-Synergy. Big words.. lets just say I felt a different type of alert, it was cool. My soul always reminds me of how happy it feels when I am awake at this hour but somehow the darkness of Friday night finds a way to suppress my internal spiritual needs. Not until I rise at this beatfiul "Amrit Vela" do I truly realize this.

So I did a pitstop to pick up my trustee simran sidekick Hardeep. He too has committed to doing Simran of the Great Waheguru with the early morning Sangat. He's like a weighlifting partner to me; regardless of how lazy we get, we don't ever want to let each other down., and I'll take motivation from wherever I can get it. So we arrived at 4:00 am sharp S.E.T (Standard East Indian Time) which is about 10 minutes late. Oh well, we made it. We fought the evil Darth sleep because the Guru's force.. Amrit Vela was with us.

After bowing to Sri Guru Granth Sahib Ji, I sat down in the sangat. I nodded a "Fateh" to some Junior Singhs and then I closed my eyes. The lights of the Darbar were purposely shut off with only a light turned on near our Guru Granth Sahib Ji. Makes sense, after all, that is our focus.

You know, upon entering the Darbar I felt a true warmth, family feel. I understood that Sangat is the true family. After a few minutes of staring at the walls I was able to concentrate better. I really enjoyed Simran. Nothing can compare to the love of the Sangat, the seriousness about God and the early morning motivation Ask anyone who attends Simran regularily. I am sure they will have their own beautiful experience to talk about.

Now I am not going to lie and say that it was all bugles and harpsichords and piano's floating a serene melody. But the magic was in the Sangat and prescence of the Guru; and I was able to draw from it. I still had to work hard to maintain my concentration and battle sleep; but just sitting there was so beautiful to me. I felt that just the mere fact of waking up early was a success for the Guru and his Sikh.

This is just my feelings you know. And I am not to cool to say that ... "I love Waheguru, yes I do". So if you are a Friday night owl like me, time to change things up. Who says we can't? Lets listen to our soul. Let Amrit Vela be our foundation. Let's feel the power of morning. Just try it. Just show up once and you will be hooked. I hope to see many more of you at Simran.

Harwant Singh

PROFILES



The 10th Guru: Sahib Sri Guru Gobind Singh Ji

Born: Dec. 22, 1699
Place: Patna Sahib
Parents: Guru Tegh Bahadur Ji and Mata Gujri Ji
Wife: Ajit Kaur, Sundri Ji, Saheb Kaur Ji
Children: Ajit Singh, Jujhar Singh, Zoravar Singh, Fateh Singh
Guruship: 23 years
Became Guru: November 11, 1675
Emperoror of the Times: Aurangzeb
Place of Death: Nader

' I establish thee as my son, that you spread My Path. Go and instruct men in Righteousness and the Moral Law, and make people desist from evil.'

I stood up, with joined palms, and bowing my head to Lord God, I said: Thy Path I shall spread only if Thou be at my back.

For this was I born into the world, I utter only how and what God uttered to me, for I am the enemy of no one. He who calls me God will surely burn in the fire of hell. For I am only the servant of God: doubt not the veracity of this statement. I am but the slave of the Supreme Being come to witness His Play. I tell the world only what my God said to me, for I will not be silenced through fear of the mere mortals. I utter as is the Instruction of my God, for I consider no one greater than Him. I am pleased not with any religious garb, so I shall sow the seeds of the Unaccountable One. Nay, I worship not stones, nor am I attracted by denomintional coats. I utter only the name of the Infinite and so attain unto the Supreme Being. I wear not matted hair, nor ear-rings, nor have regard for any such ritual, and do only what God bids me do. I repeat only the Name of One God who fulfills us, at all places. No, I utter not another's name, nor establish another God. I dwell upon the Name of the Infinite One and so realise the essence of the Supreme Light. I give thought to none else, nor utter another's name. O God, with Thy one Name I am imbued. I have no other pride. Yea, I utter only Thy Name and eradicate my endless sins. (Guru Gobind Singh, Vachitra Natak)

(Who better to tell the story of Guru Gobind Singh Ji than himself)

PARENTS CORNER

I really enjoy the Simran program at Bala Pritam Darbar. At first, I knew my children would not like waking up early for the Simran program, but now they happily wake up at 3 a.m. I have seen the effect of the program on my children by their spiritual strength. The best part for my children is the speeches, which are in English. I also appreciate the tabla classes and Punjabi school. I have seen a 100% difference in the way our children are practicing Sikhism. My children love coming to the program's so much, that they are willing to miss other celebrations, but not willing to miss the Sunday Darbar. I even listen to the same Katha in English on the radio at home, and I am amazed at how my children will sit with me and listen to it for the second time. My only regret is not bringing my children to Darbar sooner because the Sangat has been so invaluable to my family.

Paramjit Kaur Gill
Abbotsford, BC

YOUTH VIEWS ON SIKHISM

I have been coming to Sunday Bala Pritam Darbar for over a year because it is so much fun for me. I like to learn about my religion. I learned all about Sri Guru Nanak Dev Ji and his life. My favorite Sakhi so far is the one with Guru Hargobind Sahib, our 6th Guru and why we celebrate Diwali, in his honor. I really like the part about the 52 rajas. Before Bala Pritam Darbar, I used to cut my hair because I didn't understand about my religion. Now I have taken Amrit, and it has made me so happy, and I am so glad that I did. I am also taking Santhia Class (learning how to read our prayers) .

Gagandeep Kaur Darer *11 years old*

Abby Senior School Celebrates Diwali In Pictures





ਮੈਂ ਆਪਣੇ ਆਪ ਨੂੰ ਹੁਣ ਤੱਕ ਲੱਭ ਰਹੀ ਹਾਂ-ਰੇਖਾ

ਆਪਣੇ ਜ਼ਮਾਨੇ ਦੀ ਮਸ਼ਹੂਰ ਤੇ ਅੱਜ ਤਕ ਉੱਭ ਹੀ ਗਲੈਮਰ ਨਜ਼ਰ ਆਉਣ ਵਾਲੀ ਅਭਿਨੇਤਰੀ ਰੇਖਾ ਕੁਝ ਸਮੇਂ ਤੋਂ ਫਿਲਮਾਂ ਵਿਚ ਘੱਟ ਨਜ਼ਰ ਆ ਰਹੀ ਹੈ। ਇਸੇ ਸਿਲਸਿਲੇ ਵਿਚ ਪੇਸ਼ ਹਨ ਉਨ੍ਹਾਂ ਦੇ ਪੇਂਫੈਸ਼ਨਲ ਤੇ ਵਿਅਕਤੀਗਤ ਜੀਵਨ ਬਾਰੇ ਗੱਲਬਾਤ ਦੇ ਕੁਝ ਅੰਸ਼:

ਇਨ੍ਹੀਂ ਦਿਨੀਂ ਤੁਸੀਂ ਕਿਸ ਚੀਜ਼ ਵਿਚ ਬਿਜੀ ਹੋ?

ਸ਼ੂਟਿੰਗ ਤੋਂ ਇਲਾਵਾ ਮੈਂ ਆਪਣੇ ਘਰ ਦੀ ਦੇਖਭਾਲ ਤੇ ਵੀ ਧਿਆਨ ਦੇ ਰਹੀ ਹਾਂ। 30 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਮੈਂ ਆਪਣੇ ਸਾਰੇ ਕੰਮ ਆਪ ਸੰਭਾਲ ਰਹੀ ਹਾਂ। ਹੁਣ ਤਕ ਦੀ ਹਰ ਫਿਲਮ ਵਿਚ ਇਸਤੇਮਾਲ ਕੀਤੇ ਗਏ ਲਿਬਾਸ ਤੇ ਗਹਿਣੇ ਸਭ ਮੇਰੇ ਆਪਣੇ ਹੀ ਸਨ। ਮੈਂ ਇਕ ਇਕ ਚੀਜ਼ ਦਾ ਕੈਟਲਾਗ ਬਣਾ ਕੇ ਰੱਖ ਰਹੀ ਹਾਂ। ਆਪਣੇ ਕਾਗਜ਼ਾਂ ਨੂੰ ਸੰਭਾਲ ਕੇ ਫਾਈਲ ਕਰਨ ਵਰਗਾ ਬੋਰਿੰਗ ਕੰਮ ਵੀ ਕਰ ਰਹੀ ਹਾਂ।

ਫਿਲਮਾਂ ਵਿਚ ਜਦੋਂ ਤੁਸੀਂ ਸ਼ੁਰੂਆਤ ਕੀਤੀ ਸੀ ਉਸ ਤੋਂ ਆਪਣੇ ਆਪ ਨੂੰ ਕਿੰਨਾ ਵੱਖਰਾ ਮੰਨਦੇ ਹੋ?

"ਮੈਂ ਇਸ ਤਰ੍ਹਾਂ ਦੀ ਕੁਝ ਖਾਸ ਤਬਦੀਲੀ ਮਹਿਸੂਸ ਨਹੀਂ ਕਰਦੀ। ਜੇ ਤੁਸੀਂ ਸਟਾਰ ਰੇਖਾ ਨੂੰ ਜਾਨਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਉਸ ਨੂੰ ਇਕ ਇਨਸਾਨ ਦੇ ਤੌਰ ਤੇ ਜਾਨਣਾ ਹੋਵੇਗਾ। ਸੱਚ ਤਾਂ ਇਹ ਹੈ ਕਿ ਮੈਂ ਖੁਦ ਆਪਣੇ ਆਪ ਨੂੰ ਲੱਭ ਰਹੀ ਹਾਂ। 25 ਸਾਲ ਪਹਿਲਾਂ ਮੈਂ ਜੋ ਕੁਝ ਸਿੱਖਿਆ, ਉਸ ਨੂੰ ਪ੍ਰੈਕਟਿਸ ਵਿਚ ਲਿਆਉਣ ਦੀ ਕੋਸ਼ਿਸ਼ ਕਰਦੀ ਹਾਂ। ਮੈਂ ਇਕ ਹੀ ਗੱਲ ਤੋਂ ਵਿਸ਼ਵਾਸ ਕਰਦੀ ਹਾਂ ਕਿ ਆਪਣਾ ਕਰਮ ਕਰੋ। ਕਦੀ ਕਦੀ ਮੈਂ ਚਿੰਤਾਵਾਂ ਤੇ ਭੁਲੇਖਿਆਂ ਵਿਚ ਡੁੱਬ ਜਾਂਦੀ ਹਾਂ ਉਸ ਸਮੇਂ ਆਰਟ ਆਫ ਲਿਵਿੰਗ ਬਹੁਤ ਕੰਮ ਆਉਂਦਾ ਹੈ। ਮੈਂ ਬੁਰੇ ਹਾਲਾਤ ਵਿਚ ਵੀ ਚੰਗੀ ਤਰ੍ਹਾਂ ਜੀਊਣ ਦੀ ਕੋਸ਼ਿਸ਼ ਕਰਦੀ ਹਾਂ।

ਕੀ ਤੁਸੀਂ ਇਕੱਲਾਪਣ ਮਹਿਸੂਸ ਕਰਦੇ ਹੋ?

ਮੈਂ ਹਮੇਸ਼ਾ ਤੋਂ ਹੀ ਇਕੱਲੀ ਸੀ ਪਰ ਫਿਰ ਵੀ ਮੈਨੂੰ ਕਦੀ ਇਕੱਲਾਪਣ ਮਹਿਸੂਸ ਨਹੀਂ ਹੋਇਆ। ਜਦੋਂ ਤਕ ਤੁਹਾਡੇ ਵਿਚ ਸੋਚਣ ਤੇ ਮਹਿਸੂਸ ਕਰਨ ਦੀ ਸਮਰਥਾ ਹੈ, ਤੁਸੀਂ ਕਦੀ ਇਕੱਲੇ ਨਹੀਂ ਹੋ ਸਕਦੇ। ਤੁਸੀਂ ਆਪਣੇ ਬਚਪਨ ਦੀਆਂ ਯਾਦਾਂ, ਆਪਣਿਆਂ ਨਾਲ ਬਤੀਤ ਕੀਤਾ ਸਮਾਂ, ਆਪਣੇ ਸੁਪਨੇ ਆਦਿ ਯਾਦ ਕਰਦੇ ਹੋ ਤਾਂ ਇਕਲਾਪਣ ਮਹਿਸੂਸ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕੀ ਇਕ ਹੀਰੋਇਨ ਦੀ ਜ਼ਿੰਦਗੀ ਬਹੁਤ ਤਣਾਅਪੂਰਨ ਹੁੰਦੀ ਹੈ ਕਿਉਂਕਿ ਅਕਸਰ ਹੀ ਹੀਰੋਇਨਾਂ ਆਤਮ ਹਤਿਆ ਦੀ ਕੋਸ਼ਿਸ਼ ਕਰਦੀਆਂ ਹਨ, ਜਿਵਂ ਕਿ ਦੱਖਣ ਦੀ ਅਭਿਨੇਤਰੀ ਸੋਨਲ ਨੇ ਕੀਤਾ ਸੀ?

ਐਕਟਰ ਦੀ ਜ਼ਿੰਦਗੀ ਵੀ ਸਾਧਾਰਨ ਇਨਸਾਨ ਵਰਗੀ ਹੀ ਹੁੰਦੀ ਹੈ। ਸਾਡਾ ਵੀ ਦਿਲ ਦਿਮਾਗ ਤੇ ਪਰਵਾਰ ਹੁੰਦਾ ਹੈ। ਸਾਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਲੋਕ ਫਿਲਮਾਂ ਦੇ ਚਰਿੱਤਰਾਂ ਰਾਹੀਂ ਕਈ ਜ਼ਿੰਦਗੀਆਂ ਜੀਅ ਲੈਂਦੇ ਹਾਂ। ਫੇਰ, ਮੇਰਾ ਸ਼ੁਰੂ ਤੋਂ ਹੀ ਇਹ ਰਵੱਈਆ ਰਿਹਾ ਹੈ ਕਿ ਮੈਂ ਜ਼ਿੰਦਗੀ ਦੇ ਨੈਗੇਟਿਵ ਪਹਿਲੂ ਨੂੰ ਨਹੀਂ ਦੇਖਦੀ, ਮੈਂ ਹਮੇਸ਼ਾ ਪਾਜ਼ੇਟਿਵ ਸੋਚਦੀ ਹਾਂ।

ਤੁਸੀਂ ਕਦੀ ਅਸੁਰੱਖਿਆ ਵੀ ਮਹਿਸੂਸ ਕਰਦੇ ਹੋ?

ਕਦੀ ਕਦੀ। ਆਖਰ ਮੈਂ ਵੀ ਸਾਧਾਰਨ ਇਨਸਾਨ ਹੀ ਹਾਂ। ਆਤਮ ਵਿਸ਼ਵਾਸ ਤਾਂ ਕਦੀ ਕਦੀ ਉਪਰਲਾ ਪਰਦਾ ਜਿਹਾ ਬਣਾ ਜਾਂਦਾ ਹੈ। ਜਦੋਂ ਮੈਂ ਪਹਿਲੇ ਗਾਸਿਪ ਦਾ ਸ਼ਿਕਾਰ ਬਣੀ ਉਸ ਸਮੇਂ ਮੈਂ ਮੰਮੀ ਨੂੰ ਕਿਹਾ ਕਿ ਹੁਣ ਮੈਂ ਇਨ੍ਹਾਂ ਪੱਤ੍ਰਕਾਰਾਂ ਤੋਂ ਕਿਵੇਂ ਬਚਾਂ? ਇਹ ਲੋਕ ਸਾਹਮਣੇ ਤੋਂ ਵੀਠੇਕਦੇ ਹਨ ਤੇ ਪਿਛਿਓਂ ਵੀ। ਇਹ ਪਿਛਿਓਂ ਛੁਰੀ ਮਾਰ ਰਹੇ ਹਨ, ਫਿਰ ਵੀ ਤੁਸੀਂ ਮੈਨੂੰ ਸ਼ਾਂਤ ਰਹਿਣ ਲਈ ਕਹਿੰਦੇ ਹੋ? ਪਰ ਜੇ ਮੇਰੇ ਬੱਚੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਬਾਹਰ ਜਾ ਕੇ ਲੜ੍ਹਨ ਲਈ ਕਹਿੰਦੀ। ਖੈਰ, ਮੈਨੂੰ ਜੋ ਕੁਝ ਮਿਲਿਆ ਉਸ ਲਈ ਮੈਂ ਭਗਵਾਨ ਦਾ ਧੰਨਵਾਦ ਕਰਦੀ ਹਾਂ।

ਕੀ ਤੁਸੀਂ ਪੜ੍ਹਨਾ ਪਸੰਦ ਕਰਦੇ ਹੋ?

ਮੈਂ ਜ਼ਿੰਦਗੀ ਵਿਚ ਕਦੀ ਕਿਤਾਬ ਨਹੀਂ ਪੜ੍ਹੀ। ਮੇਰਾ ਪੜ੍ਹਨਾ ਤੇ ਸਿੱਖਣਾ ਸਭ ਟੀ ਵੀ ਰਾਹੀਂ ਹੁੰਦਾ ਹੈ ਤੇ ਜਿਨ੍ਹਾਂ ਲੋਕਾਂ ਨੂੰ ਮਿਲਦੀ ਹਾਂ ਉਨ੍ਹਾਂ ਰਾਹੀਂ ਹੁੰਦਾ ਹੈ, ਟੀ ਵੀ ਵੇਖਣ ਤੋਂ ਬਾਅਦ ਪੜ੍ਹਨ ਦੀ ਫੁਰਸਤ ਕਿਸ ਨੂੰ ਹੁੰਦੀ ਹੈ? ਮੇਰੀ ਯਾਦਦਾਸ਼ਤ ਬਹੁਤ ਤੇਜ਼ ਹੈ ਸਗੋਂ ਜੋ ਭੁੱਲਣ ਲਾਇਕ ਗੱਲ ਹੁੰਦੀ ਹੈ ਉਹ ਵੀ ਨਹੀਂ ਭੁੱਲਦੀ।

ਤੁਸੀਂ ਦਿਨ ਦੀ ਸ਼ੁਰੂਆਤ ਕਿਵੇਂ ਕਰਦੇ ਹੋ?

ਮੈਂ ਸਵੇਰੇ ਜਲਦੀ ਉਠਦੀ ਹਾਂ, ਕੁਦਰਤ ਨਾਲ ਮੈਨੂੰ ਬਹੁਤ ਪਿਆਰ ਹੈ, ਇਸ ਲਈ ਮੈਂ ਪੰਛੀਆਂ ਦੀਆਂ ਆਵਾਜ਼ਾਂ ਨਾਲ ਹੀ ਉਠਦੀ ਹਾਂ। ਬੈੱਡ ਤੇ ਨਾਸ਼ਤਾ ਕਰਨਾ ਮੈਨੂੰ ਬਹੁਤ ਬੁਰਾ ਲਗਦਾ ਹੈ।

Do You Need Assistance with Canadian Immigration Issues?

ਕੀ ਤੁਹਾਨੂੰ ਕਨੇਡੀਅਨ ਇਮੀਗ੍ਰੇਸ਼ਨ ਸਬੰਧੀ ਸਲਾਹ ਦੀ ਲੋੜ ਹੈ?

For Expert Advise on Any Application

- Independent (skilled worker)
- Entrepreneur
- Family Class
- Foreign Worker
- Entertainer
- Investor
- Self Employed
- Student Visa*
- Professional Athletes
- Any other enquiry on immigration

*Enrollment into any trade institution, college or university.
Assistance in location and upgrading in Canada.
Post Graduation opportunities are also available.

ਕਿਸੇ ਵੀ ਤਰ੍ਹਾਂ ਦੀ ਐਪਲੀਕੇਸ਼ਨ ਕਰਨ ਲਈ ਵਧੀਆ ਸਲਾਹ

- ਸੁਤੰਤਰ (ਨਿਪੁੰਨ ਕਾਮਾ)
- ਉਦਯੋਗਪਤੀ
- ਫੈਮਲੀ ਕਲਾਸ
- ਵਿਦੇਸ਼ੀ ਕਾਮਾ
- ਮਨੋਰੰਜਕ
- ਨਿਵੇਸ਼ਪਤੀ
- ਆਪ ਨਿਯੁਕਤ
- ਸਟੂਡੈਂਟ ਵੀਜਾ *
- ਪ੍ਰੋਫੈਸ਼ਨਲ ਐਥਲੀਟ
- ਹੋਰ ਕਿਸੇ ਇਮੀਗ੍ਰੇਸ਼ਨ ਸਬੰਧੀ ਸਮੱਸਿਆ

* ਕਾਲਜ, ਯੂਨੀਵਰਸਿਟੀ ਜਾਂ ਟਰੇਡ ਸੰਸਥਾ ਵਿੱਚ ਦਾਖਲਾ
ਅਪਗਰੇਡ ਕਰਨ ਵਿੱਚ ਸਹਾਇਤਾ
ਪੋਸਟ ਗ੍ਰੈਜੂਏਸ਼ਨ ਦੀ ਵੀ ਸਹੂਲਤ



We have staff with over 40 years of experience in immigration issues to assist you in the best possible way.

ਸਾਡਾ ਸਟਾਫ ਜਿਨ੍ਹਾਂ ਕੋਲ 40 ਸਾਲਾਂ ਤੋਂ ਵੱਧ ਦਾ ਤਜ਼ਰਬਾ ਹੈ, ਉਹ ਹਰ ਇਮੀਗ੍ਰੇਸ਼ਨ ਮਸਲੇ ਵਿੱਚ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਨਗੇ।

Happy Holidays

S & B Canadian Immigration Consultants

(604) 852 2288

ਮੇਰੀ ਸੈਕਸ ਅਪੀਲ ਅਨੋਖੀ :ਉਰਮਿਲਾ

ਉਰਮਿਲਾ ਮਾਤੋਂਡਕਰ

ਫਿਲਮ 'ਰੰਗੀਲਾ' ਦੀ ਉਰਮਿਲਾ ਮਾਤੋਂਡਕਰ ਦਾ ਰੰਗ ਹੁਣ ਉਤਰ ਚੁੱਕਾ ਹੈ। ਫਿਰ ਵੀ ਉਹ ਆਪਣੇ ਆਪ ਨੂੰ ਰੰਗੀਲਾ ਵਾਲੀ ਸਟਾਰ ਸਮਝ ਰਹੀ ਹੈ। ਇਕ ਦਹਾਕੇ ਤੋਂ ਜ਼ਿਆਦਾ ਸਮਾਂ ਹੋ ਗਿਐ ਅਭਿਨੇਤਰੀ ਉਰਮਿਲਾ ਮਾਤੋਂਡਕਰ ਨੂੰ ਫਿਲਮਾਂ ਵਿਚ ਅਭਿਨੈ ਕਰਦੇ ਹੋਏ। ਉਰਮਿਲਾ ਨੇ ਚਮਤਕਾਰ, ਸ਼੍ਰੀਮਾਨ ਆਸ਼ਿਕ, ਨਰਸਿਮਹਾ, ਦੀਵਾਨੇ, ਰੰਗੀਲਾ, ਸਤਿਆ, ਕੁੰਵਾਰਾ, ਜੰਗਲ, ਖ਼ੂਬਸੂਰਤ, ਦੌੜ, ਕੌਨ, ਪਯਾਰ ਤੂਨੇ ਕਯਾ ਕੀਯਾ, ਜਾਨਮ ਸਮਝਾ ਕਰੋ, ਓਮ ਜਯ ਜਗਦੀਸ਼ ਆਦਿ ਫਿਲਮਾਂ ਵਿਚ ਕੰਮ ਕੀਤਾ ਹੈ। ਉਰਮਿਲਾ ਨੇ ਇਨ੍ਹਾਂ ਸਾਰੀਆਂ ਫਿਲਮਾਂ ਵਿਚ ਵੱਖ ਵੱਖ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾ ਕੇ ਦਰਸ਼ਕਾਂ ਦਰਸਕਾਂ ਦਾ ਮਨੋਰੰਜਨ ਕੀਤਾ। ਇਕ ਵਾਰ ਫਿਰ ਉਰਮਿਲਾ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਆਈ ਹੈ ਪੋਪ ਸਟਾਰ ਬਣ ਕੇ ਪਿਛਲੇ ਦਿਨੀਂ ਰਿਲੀਜ਼ ਹੋਈ ਫਿਲਮ 'ਦੀਵਾਨਗੀ' ਵਿਚ। ਨੇਹਾ ਆਰਟਸ ਦੇ ਬੈਨਰ ਹੇਠ ਬਣੀ ਇਹ ਫਿਲਮ ਪੂਰੀ ਤਰ੍ਹਾਂ ਤੋਂ ਸਸਪੈਂਸ ਫਿਲਮ ਹੈ। ਨਿਰਮਾਤਾ ਨਿਤਿਨ ਮਨਮੋਹਨ ਦੀ ਇਸ ਫਿਲਮ ਦੇ ਨਿਰਦੇਸ਼ਕ ਹਨ ਅਨੀਸ ਬਜ਼ਮੀ। ਪਿਛਲੇ ਦਿਨੀਂ ਅਭਿਨੇਤਰੀ ਉਰਮਿਲਾ ਨੂੰ ਮਿਲਣ ਦਾ ਮੌਕਾ ਮਿਲਿਆ ਤੇ ਵਿਸਤਾਰ ਵਿਚ ਗੱਲਬਾਤ ਹੋਈ ਉਨ੍ਹਾਂ ਦੀ ਫਿਲਮ ਦੀਵਾਨਗੀ ਬਾਰੇ। ਪੇਸ਼ ਹਨ ਇਸ ਗੱਲਬਾਤ ਦੇ ਕੁਝ ਅੰਸ਼-

ਦੀਵਾਨਗੀ ਬਾਰੇ ਕੁਝ ਦਸੋ?

ਜ਼ਿਆਦਾ ਤਾਂ ਕੁਝ ਨਹੀਂ ਦਸਾਂਗੀ, ਨਹੀਂ ਤਾਂ ਫਿਲਮ ਦਾ ਸਾਰਾ ਮਜ਼ਾ ਖਰਾਬ ਹੋ ਜਾਵੇਗਾ। ਬਸ ਏਨਾ ਦਸ ਸਕਦੀ ਹਾਂ ਕਿ ਦੀਵਾਨਗੀ ਸਸਪੈਂਸ ਫਿਲਮ ਹੈ। ਇਸ ਵਿਚ ਮੈਂ ਪੋਪ ਗਾਇਕਾ ਦੀ ਭੂਮਿਕਾ ਨਿਭਾਈ ਹੈ ਤੇ ਰੋਲ ਨੂੰ ਕਰਦੇ ਹੋਏ ਮੈਨੂੰ ਬਹੁਤ ਮਜ਼ਾ ਵੀ ਆਇਆ।

ਅਜੈ ਦੇਵਗਨ ਤੇ ਅਕਸ਼ੈ ਖੰਨਾ ਤੁਹਾਡੇ ਸਾਥੀ ਕਲਕਾਰ ਹਨ 'ਦੀਵਾਨਗੀ' ਵਿਚ, ਉਨ੍ਹਾਂ ਬਾਰੇ ਵੀ ਕੁਝ ਦਸੋ?

ਅਜੈ ਦੇ ਨਾਲ ਮੈਂ ਪਹਿਲਾਂ ਵੀ ਕੰਮ ਕੀਤਾ ਹੈ ਉਹ ਇਕ ਦਮਦਾਰ ਅਭਿਨੇਤਾ ਹੈ। ਉਸ ਨਾਲ ਕੰਮ ਕਰਦੇ ਹੋਏ ਮੈਨੂੰ ਬਹੁਤ ਚੰਗਾ ਲਗਾ ਹੈ। ਅਕਸ਼ੈ ਨਾਲ ਮੈਂ ਪਹਿਲੀ ਵਾਰ ਕੰਮ ਕੀਤਾ ਹੈ। ਅਕਸ਼ੈ ਨੇ ਵੀ ਸਾਬਤ ਕਰ ਦਿਤਾ ਹੈ ਕਿ ਉਹ ਵੀ ਇਕ ਚੰਗਾ ਅਭਿਨੇਤਾ ਹੈ।

ਉਰਮਿਲਾ ਤੁਸੀਂ ਰਾਮਗੋਪਾਲ ਵਰਮਾ ਦੀ ਭੂਤ ਵਿਚ ਵੀ ਅਭਿਨੈ ਕਰ ਰਹੇ ਹੋ, ਇਸ ਫਿਲਮ ਬਾਰੇ ਵੀ ਕੁਝ ਦਸੋ?

ਭੂਤ ਪੂਰੀ ਤਰ੍ਹਾਂ ਇਕ ਹਾਰਰ ਫਿਲਮ ਹੈ। ਇਹ ਫਿਲਮ ਰਾਮੂ ਜੀ ਦੀ ਸਟਾਈਲ ਵਾਲੀ ਫਿਲਮ ਹੈ। ਇਸ ਵਿਚ ਮੇਰੇ ਨਾਲ ਰੇਖਾ ਜੀ, ਅਜੈ ਦੇਵਗਨ, ਸੀਮਾ ਬਿਸਵਾਸ, ਫਰਦੀਨ, ਨਾਨਾ ਪਾਟੇਕਰ, ਵਿਕਟਰ ਬੈਨਰਜੀ ਆਦਿ ਹਨ। ਰੇਖਾ ਜੀ ਨਾਲ ਮੈਂ ਬਹੁਤ ਅਰਸੇ ਬਾਅਦ ਕੰਮ ਕਰ ਰਹੀ ਹਾਂ। ਫਿਲਮ 'ਕਲਯੁਗ' ਵਿਚ ਮੈਂ ਉਨ੍ਹਾਂ ਨਾਲ ਬਾਲ ਕਲਾਕਾਰ ਦੇ ਤੌਰ ਤੇ ਕੰਮ ਕੀਤਾ ਸੀ। ਡਰਾਉਣੀ ਫਿਲਮ 'ਭੂਤ' ਵਿਚ ਕੰਮ ਕਰਦੇ ਸਮੇਂ ਬਹੁਤ ਮਜ਼ਾ ਆਇਆ।

ਫਿਲਮ 'ਪਿੰਜਰ' ਦੀ ਵੀ ਬਹੁਤ ਚਰਚਾ ਹੋ ਰਹੀ ਹੈ?

ਇਹ ਫਿਲਮ ਅੰਮ੍ਰਿਤਾ ਪ੍ਰੀਤਮ ਦੇ ਨਾਵਲ ਤੇ ਆਧਾਰਿਤ ਹੈ। ਦੇਸ਼ ਦੀ ਵੰਡ ਦੀ ਤ੍ਰਾਸਦੀ ਤੇ ਬਣੀ ਇਸ ਫਿਲਮ ਵਿਚ ਇਕ ਔਰਤ ਦੀ ਭੂਮਿਕਾ ਕਰ ਰਹੀ ਹਾਂ। ਜੋ ਵੰਡ ਦੌਰਾਨ ਕਈ ਪਰਿਸਥਿਤੀਆਂ ਵਿਚੋਂ ਲੰਘਦੀ ਹੈ। ਡਾ. ਚੰਦਰ ਪ੍ਰਕਾਸ਼ ਦ੍ਵਿਵੇਦੀ ਇਸ ਜ਼ਬਰਦਸਤ ਫਿਲਮ ਦੇ ਨਿਰਦੇਸ਼ਕ ਹਨ।

ਅਤੇ ਹੋਰ ਕਿਹੜੀਆਂ ਫਿਲਮਾਂ ਵਿਚ ਤੁਸੀਂ ਅਭਿਨੈ ਕਰ ਰਹੇ ਹੋ?

ਇਨ੍ਹਾਂ ਫਿਲਮਾਂ ਤੋਂ ਇਲਾਵਾ ਏਕ ਹਸੀਨਾ ਥੀ ਨਾਂ ਦੀ ਫਿਲਮ ਵਿਚ ਮੈਂ ਚੁਲਬੁਲੀ ਮੁਟਿਆਰ ਦੀ ਭੂਮਿਕਾ ਕਰ ਰਹੀ ਹਾਂ।

ਪਰ ਕੀ ਇਹ ਫਿਲਮ 'ਗਦਰ' ਵਰਗੀ ਕਹਾਣੀ ਨਹੀਂ ਹੈ?

ਨਹੀਂ, ਬਿਲਕੁਲ ਨਹੀਂ। ਡਾ. ਚੰਦਰ ਪ੍ਰਕਾਸ਼ ਨੇ ਮੈਨੂੰ ਗਦਰ ਦੀ ਤਰ੍ਹਾਂ ਸਨਸਨੀਖੇਜ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਹੈ ਪਰ ਅਜੇ ਤਕ ਇਹ ਪਤਾ ਨਹੀਂ ਕਿ ਪੂਰੀ ਫਿਲਮ ਕਿਸ ਤਰ੍ਹਾਂ ਦੀ ਬਣੇਗੀ।

ਫਿਲਮ ਓਮ ਜਯ ਜਗਦੀਸ਼ ਵਿਚ ਚਾਰ ਸੀਨ ਵਾਲਾ ਵੈਸਪ ਵਰਗਾ ਰੋਲ ਕਰਨ ਦੀ ਕੀ ਜ਼ਰੂਰਤ ਸੀ?

ਮੈਂ ਇਸ ਫਿਲਮ ਨੂੰ ਲੈ ਕੇ ਬਹੁਤ ਐਕਸਾਈਟਿਡ ਸੀ। ਮੈਨੂੰ ਆਪਣਾ ਰੋਲ ਬਹੁਤ ਪਸੰਦ ਆਇਆ ਸੀ। ਇਹ ਫਿਲਮ ਪਰਵਾਰਕ ਫਿਲਮ ਪਸੰਦ ਕਰਨ ਵਾਲੇ ਦਰਸ਼ਕਾਂ ਵਿਚ ਆਪਣੀ ਪਹੁੰਚ ਜ਼ਰੂਰ ਬਣਾਵੇਗੀ।

ਕੀ ਤੁਸੀਂ ਵੀ ਹਰ ਫਲਾਪ ਹੀਰੋਇਨ ਦੀ ਤਰ੍ਹਾਂ ਆਰਟ ਸਿਨੇਮਾ ਵਲ ਨਹੀਂ ਵੱਧ ਰਹੇ ਹੋ?

ਮੈਂ ਹਮੇਸ਼ਾ ਆਪਣੇ ਸਟਾਰਡਮ ਦਾ ਇਸਤੇਮਾਲ ਸਟਾਰ ਬਣ ਕੇ ਸੈਟਸ ਤੇ ਨਖਰੇ ਵਿਖਾਉਣ ਦੀ ਜਗ੍ਹਾ ਐਕਸਪੈਰੀਮੈਂਟਲ ਸਿਨੇਮਾ ਕਰਨ ਦੀ ਕੋਸ਼ਿਸ਼ ਵਿਚ ਕੀਤਾ ਹੈ।

ਕੀ ਤੁਸੀਂ ਗਲੈਮਰਸ ਭੂਮਿਕਾਵਾਂ ਤੋਂ ਤੌਬਾ ਕਰ ਲਈ ਹੈ?

ਬਿਲਕੁਲ ਨਹੀਂ। ਪਿਛਲੇ ਸਾਲ ਹੀ ਮੈਂ ਫਿਲਮ ਪਯਾਰ ਤੂਨੇ ਕਯਾ ਕੀਯਾ ਵਿਚ ਗਲੈਮਰਸ ਰੋਲ ਤੇ ਕਮਬਖਤ ਇਸ਼ਕ....'ਵਰਗਾ ਡਾਂਸ ਆਈਟਮ ਕੀਤਾ ਸੀ।

ਈਸ਼ਾ ਕੋਪੀਕਰ ਤੇ ਮਲਾਇਕਾ ਅਰੋੜਾ ਵਰਗੀਆਂ ਲੜਕੀਆਂ ਦੇ ਆਈਟਮ ਡਾਂਸ ਬਾਰੇ ਤੁਸੀਂ ਕੀ ਕਹਿਣਾ ਪਸੰਦ ਕਰੋਗੇ?

ਮੈਂ ਇਨ੍ਹਾਂ ਲੜਕੀਆਂ ਬਾਰੇ ਕਿਸੇ ਤਰ੍ਹਾਂ ਦਾ ਕੋਈ ਕਮੈਂਟ ਨਹੀਂ ਦੇਣਾ ਚਾਹੁੰਦੀ।

CLEARBROOK CARPETS LTD.
ਐਬਟਸਫੋਰਡ ਵਿੱਚ ਆਪਣੇ ਭਰਾਵਾਂ ਦੀ ਨਵੀਂ ਦੁਕਾਨ ਨੂੰ ਸੇਵਾ ਦਾ ਮੌਕਾ ਦਿਉ।
VINYL 55¢ sq.ft. & up
CARPET 93¢ sq.ft. & up
COMMERCIAL CARPET 57¢ sq.ft. & up
LAMINATE FLOOR ਲੈਮੀਨੇਟ ਫਲੋਰ
HARDWOOD FLOOR ਹਾਰਡਵੁੱਡ ਫਲੋਰ
Wheel Avenue
Townline
CLEARBROOK CARPETS LTD.
Tonny Restaurant
#1 Hwy.
Peardonville Rd.
ਅਸੀਂ ਕਾਰਪਿਟ ਪਾਉਂਦੇ ਵੀ ਹਾਂ
ਕਲੀਅਰਬਰੁਕ ਕਾਰਪਿਟਸ ਲਿਮ:
#306-31127 Wheel Ave., Abbotsford BC
ਫੋਨ ਨੰ: 604-870-9292 • ਫੈਕਸ ਨੰ: 604-870-9202

ਕੇਂਦਰ ਵਲੋਂ ਵੀਰੱਪਨ ਵਿਰੁੱਧ ਸਾਂਝੀ ਕਾਰਵਾਈ ਦਾ ਸੁਝਾਅ

ਨਵੀਂ ਦਿੱਲੀ - ਕਰਨਾਟਕ ਦੇ ਸਾਬਕਾ ਮੰਤਰੀ ਤੇ ਜਨਤਾ ਦਲ ਆਗੂ ਐੱਚ ਨਾਗੱਪਾ ਦੀ ਮੌਤ ਉਤੇ ਡੂੰਘੇ ਦੁੱਧ ਦਾ ਪ੍ਰਗਟਾਵਾ ਕਰਦਿਆਂ ਲੋਕ ਸਭਾ ਵਿਚ ਕਿਹਾ ਗਿਆ ਕਿ ਵੀਰੱਪਨ ਹੱਥੋਂ ਮਰਨ ਵਾਲਾ ਇਹ "ਆਖਰੀ ਵਿਅਕਤੀ" ਹੋਣਾ ਚਾਹੀਦਾ ਹੈ ਤੇ ਕੇਂਦਰ ਸਰਕਾਰ ਤੇ ਕਰਨਾਟਕ ਤੇ ਤਾਮਿਲਨਾਡੂ ਦੀਆਂ ਸੂਬਾਈ ਸਰਕਾਰਾਂ ਨੂੰ ਮਿਲਕੇ ਇਸ ਜੰਗਲੀ ਧਾੜਵੀ ਵਿਰੁੱਧ ਸਾਂਝੀ ਕਾਰਵਾਈ ਕਰਨੀ ਚਾਹੀਦੀ ਹੈ। ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ ਨੇ ਸਿਫਰ ਕਾਲ ਦੌਰਾਨ ਜਦੋਂ ਇਹ ਮੁੱਦਾ ਉਠਾਇਆ ਤਾਂ ਭਾਰਤੀ ਜਨਤਾ ਪਾਰਟੀ ਦੇ ਚੀਫ ਵਿੱਪ ਵਿਜੈ ਕੁਮਾਰ ਮਲਹੋਤਰਾ ਨੇ ਨਾਗੱਪਾ ਦੀ ਹੱਤਿਆ ਲਈ ਕਰਨਾਟਕ ਦੇ ਮੁੱਖ ਮੰਤਰੀ ਐੱਸ ਐੱਮ ਕ੍ਰਿਸ਼ਨਾ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਨਾਗੱਪਾ ਦੀ ਰਿਹਾਈ ਵਾਸਤੇ ਢੁਕਵੇਂ ਕਦਮ ਨਹੀਂ ਚੁੱਕੇ। ਉਨ੍ਹਾਂ ਨੇ ਸ੍ਰੀ ਕ੍ਰਿਸ਼ਨਾ ਦੇ ਅਸਤੀਫੇ ਦੀ ਜਦੋਂ ਮੰਗ ਕੀਤੀ ਤਾਂ ਕਾਂਗਰਸ ਸਮੇਤ ਵਿਰੋਧੀ ਧਿਰ ਨੇ ਸਖਤ ਵਿਰੋਧ ਕੀਤਾ। ਇਸੇ ਦੌਰਾਨ ਕਰਨਾਟਕ ਦੇ ਤਣਾਅ ਭਰੇ ਜ਼ਿਲਾ ਚਾਮਰਾਜ ਨਗਰ ਵਿਚ ਅੱਜ ਉਸ ਸਮੇਂ ਹਿੰਸਾ ਦੀਆਂ ਕੁਝ ਘਟਨਾਵਾਂ ਵਾਪਰੀਆਂ ਜਦੋਂ ਨਾਗੱਪਾ ਦੀ ਪੋਸਟ ਮਾਰਟਮ ਰਿਪੋਰਟ ਵਿਚ ਇਹ ਪੁਸ਼ਟੀ ਹੋ ਗਈ ਕਿ ਉਸ ਦੀ ਮੌਤ ਗੋਲੀਆਂ ਲੱਗਣ ਕਾਰਨ ਹੋਈ ਹੈ। ਪੁਲੀਸ ਨੂੰ ਨਾਗੱਪਾ ਦੇ ਜੱਦੀ ਸ਼ਹਿਰ ਕਾਮਮੇਰੇ ਨਜ਼ਦੀਕ ਹਿੰਸਾ ਉਤੇ ਉਤਾਰੂ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ। ਇਕੱਠੀ ਹੋਈ ਭੀੜ ਨੇ ਪੁਲੀਸ ਦੀ ਜੀਪ ਨੂੰ ਵੀ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਕਰਨਾਟਕ ਦੇ ਪੁਲਿਸ ਮੁਖੀ ਟੀ ਮਡਿਆਲ ਨੇ ਦਸਿਆ ਕਿ ਭੀੜ ਨੇ ਕੋਲੋਰਾਲ ਵਿਚ ਤਾਮਿਲਨਾਡੂ ਦੇ ਨੰਬਰ ਵਾਲੀਆਂ ਗੱਡੀਆਂ ਉਤੇ ਪਥਰਾਓ ਕਰਕੇ ਉਨ੍ਹਾਂ ਦਾ ਕਾਫੀ ਨੁਕਸਾਨ ਕਰ ਦਿੱਤਾ। ਚਾਮਰਾਜ ਨਗਰ ਵਿਚ ਤਣਾਅ ਨੂੰ ਦੇਖਦਿਆ ਸਮੁੱਚੇ ਜ਼ਿਲ੍ਹੇ ਵਿਚ ਧਾਰਾ 144 ਲਾ ਦਿੱਤੀ ਗਈ ਹੈ।

For Better Results
Advertise In The
ਪੰਜਾਬੀ ਪੱਤ੍ਰਿਕਾ
Punjabi Patrika
CALL 852-2288 NOW!!

"By Public Demand"
New and Improved
Heavenly Creations
Wedding & Boutique
Covering all Your Wedding Needs
Suits, Sarees, Langas, Mens Achkins, Aritificial Jewelery, Churras Mehindi, Decorations, Limos, Video & Photography, Tents, Tables, Chairs, Fresh Flowers, Silk Flowers, Mobile DJ, Invitations, Horse Baraat, Chair Covers, Jago's, Helium Balloons, Security.

"ਵਿਆਹ ਛਾਦੀ ਲਈ ਸਾਰਾ ਸਮਾਨ ਹਾਜ਼ਰ ਹੈ"
For More Info Visit us In Store
103 - 2464 Clearbrook Road
or Call Ricky at 604-859-2624

" ਔਖੀ ਰਾਤ "

" ਟੋਨੀ ਸ਼ਾਹਕੋਟੀ "

ਅੱਜ ਦੀ ਰਾਤ ਮੇਰੇ ਲਈ ਬਹੁਤ ਔਖੀ ਗੁਜ਼ਰ ਰਹੀ ਸੀ, ਕਿਉਂਕਿ ਸਵੇਰੇ ਮੇਰੀ ਜ਼ਿੰਦਗੀ ਦਾ ਫੈਸਲਾ ਹੋਣਾ ਸੀ। ਦਿਨ ਚੜ੍ਹਦਿਆਂ ਹੀ ਮੈਂ ਕੋਰਟ ਵਿੱਚ ਪੇਸ਼ ਹੋਣਾ ਸੀ। ਲੱਖ ਕੋਸ਼ਿਸ਼ ਕਰਨ ਤੇ ਵੀ ਮੈਨੂੰ ਨੀਂਦ ਨਹੀਂ ਆ ਰਹੀ ਸੀ। ਫਿਰ ਉਠ ਕੇ ਸਤਿਨਾਮ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰਨ ਲੱਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਅੱਗੇ ਦੋਵੇ ਹੱਥ ਜੋੜ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਕਿ ਹੇ ਵਾਹਿਗੁਰੂ ਮੈਨੂੰ ਸ਼ਕਤੀ ਦੇ ਕਿ ਮੈਂ ਆਪਣੇ ਤੇ ਹੋਏ ਅਤਿਆਚਾਰਾਂ ਬਾਰੇ ਦੱਸਾਂ, ਤੇ ਇਹ ਵੀ ਦੱਸਾਂ ਕਿ ਕਿੰਨੀਆਂ ਮੁਸੀਬਤਾਂ ਸਹਿ ਕੇ ਕਿਸ ਤਰ੍ਹਾਂ ਮੈਂ ਏਥੇ ਪਹੁੰਚਿਆ ਹਾਂ। ਮੱਥਾ ਟੇਕ ਫਿਰ ਮੈਂ ਕੁਰਸੀ ਤੇ ਜਾ ਬੈਠਾ ਕਿਉਂਕਿ ਨੀਂਦ ਨਹੀਂ ਸੀ ਆ ਰਹੀ। ਅੱਗੇ ਹਰ ਰੋਜ਼ ਮੈਂ ਛੇਤੀ ਸੌਂ ਜਾਂਦਾ ਸੀ, ਫਿਕਰ ਕਾਰਨ ਨੀਂਦ ਪਤਾ ਨਹੀਂ ਕਿੱਥੇ ਉਡ ਗਈ ਸੀ। ਮੈਨੂੰ ਅੱਜ ਬਾਪੂ ਦੀ ਕਹੀ ਗੱਲ ਚੇਤੇ ਆ ਗਈ, ਉਹ ਕਹਿੰਦਾ ਹੁੰਦਾ ਸੀ ਕਿ ਜਿੰਨਾਂ ਦੇ ਸਿਰ ਤੇ ਫਿਕਰ ਦੇ ਭਾਰ ਦਾ ਟੋਕਰਾ ਟਿੱਕ ਗਿਆ ਹੋਵੇ, ਉਹਨਾਂ ਦੀ ਰਾਤਾਂ ਦੀ ਨੀਂਦ ਉਡ ਜਾਂਦੀ ਹੈ। ਆਪਣੇ ਕੇਸ ਸਬੰਧੀ ਪੇਪਰ ਚੁੱਕ ਮੈਂ ਪੜਨ੍ਹ ਲੱਗਾ। ਥੋੜ੍ਹੀ ਦੇਰ ਪੜ੍ਹਨ ਤੋਂ ਬਾਅਦ ਨੀਂਦ ਦਾ ਝੋਕਾ ਜਿਹਾ ਆਇਆ। ਮੈਂ ਸੋਚਿਆ ਕਿ ਕਾਫੀ ਰਾਤ ਹੋ ਗਈ ਹੈ, ਹੁਣ ਮੈਨੂੰ ਸੌਣਾ ਚਾਹੀਦਾ ਹੈ। ਕਿਉਂਕਿ ਸਿਆਣੇ ਕਹਿੰਦੇ ਹਨ ਕਿ ਸੌਣ ਨਾਲ ਦਿਮਾਗ ਠੀਕ ਰਹਿੰਦਾ ਹੈ, ਬੰਦਾ ਸਵਾਲ ਜਵਾਬ ਠੀਕ ਢੰਗ ਨਾਲ ਦਿੰਦਾ ਹੈ, ਬਹੁਤ ਪ੍ਰੇਸ਼ਾਨ ਨਹੀਂ ਹੁੰਦਾ। ਮੈਂ ਬੈਡ ਤੇ ਜਾ ਲੇਟ ਗਿਆ, ਜਿਉਂ ਹੀ ਸੌਣ ਲਈ ਮੈਂ ਅੱਖਾਂ ਬੰਦ ਕੀਤੀਆਂ, ਜੋ ਮੇਰੇ ਤੇ ਬੀਤੀ ਉਹ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੀ, ਇੱਕ ਦਮ ਉਠਿਆ, ਪਾਣੀ ਪੀ ਕੇ, ਹੱਥ ਜੋੜ ਕੇ ਪ੍ਰਭੂ ਦਾ ਨਾਮ ਲੈ ਕੇ ਫਿਰ ਲੇਟ ਗਿਆ। ਮੇਰੀ ਸਾਰੀ ਰਾਤ ਇਸੇ ਤਰ੍ਹਾਂ ਹੀ ਲੰਘ ਗਈ।

ਮੈਂ ਕੋਰਟ ਵਿਚ ਇੱਕ ਘੰਟਾ ਪਹਿਲਾਂ ਹੀ ਪਹੁੰਚ ਗਿਆ। ਪਹਿਲਾਂ ਜਾ ਆਪਣੇ ਮੈਂ ਕੋਰਟ ਸੰਬੰਧੀ ਪੇਪਰ ਜਮ੍ਹਾਂ ਕਰ ਦਿੱਤੇ। ਫਿਰ ਟਾਇਮ ਜ਼ਿਆਦਾ ਹੋਣ ਕਾਰਨ ਕੁਰਸੀ ਤੇ ਬੈਠ ਆਪਣੀ ਸਟੋਰੀ ਪੜ੍ਹਨ ਲੱਗ ਪਿਆ। ਮੇਰੀ ਘੜੀ ਨੂੰ ਪਤਾ ਨਹੀਂ ਕੀ ਹੋਇਆ ਉਹ ਵੀ ਅੱਜ ਪਹਿਲਾਂ ਨਾਲੋਂ ਕਾਫੀ ਹੌਲੀ ਤੁਰ ਰਹੀ ਸੀ। ਇੱਕ-ਇੱਕ ਮਿੰਟ ਇੱਕ-ਇੱਕ ਘੰਟੇ ਵਾਂਗ ਗੁਜ਼ਰ ਰਿਹਾ ਸੀ। ਉਦੋਂ ਤੱਕ ਮੇਰਾ ਵਕੀਲ ਆ ਗਿਆ, ਉਹ ਹੈਲੋ ਕਰ ਅੰਦਰ ਜਾਣ ਲੱਗਾ ਮੈਨੂੰ ਕਹਿ ਗਿਆ ਕਿ ਜਦੋਂ ਤੇਰੇ ਨਾਮ ਦੀ ਆਵਾਜ਼ ਆਵੇਗੀ ਤੂੰ ਕਾਊਂਟਰ(ਟੇਬਲ) ਤੇ ਚਲੇ ਜਾਣਾ, ਬਾਕੀ ਉਹ ਸਭ ਸਮਝਾ ਦੇਣਗੇ ਕਿ ਕੀ ਕਰਨਾ ਤੇ ਕਿਧਰ ਜਾਣਾ ਏਂ,ਥੋੜੇ ਚਿਰ ਬਾਅਦ ਮੈਨੂੰ ਆਵਾਜ਼ ਪਈ, ਮੈਂ ਟੇਬਲ ਤੇ ਪਹੁੰਚਿਆ, ਉਸਨੇ ਮੈਨੂੰ ਅੰਦਰ ਭੇਜ ਦਿੱਤਾ। ਜਦ ਮੈਂ ਅੰਦਰ ਗਿਆ ਤਾਂ 2 ਜੱਜ ਇੱਕ ਸਰਕਾਰੀ ਵਕੀਲ, ਇੱਕ ਮੇਰਾ ਵਕੀਲ ਤੇ ਦੋ ਬੋਲੀ ਦੀ ਟਰਾਂਸਲੇਸ਼ਨ ਕਰਨ ਵਾਲੇ, ਜਿਸ ਸਮੇਂ ਦਾ ਡਰ ਤੇ ਉਡੀਕ ਸੀਉਹ ਟਾਈਮ ਆ ਗਿਆ, ਪ੍ਰਸ਼ਨ-ਉਤਰ ਇਸ ਤਰ੍ਹਾਂ:-

ਜੱਜ:- ਤੇਰਾ ਨਾਮ ਕੀ ਹੈ

ਸ਼ਰਨਾਰਥੀ:- ਸੁਰਜੀਤ ਸਿੰਘ

ਜੱਜ:- ਤੁਸੀਂ ਕੌਣ ਹੁੰਦੇ ਹੋ?

ਸਰ:- ਅਸੀਂ ਸਿੱਖ ਹੁੰਦੇ ਹਾਂ।

ਜੱਜ:- ਤੁਹਾਡੇ ਹੱਥ ਵਿਚ ਕੜਾ ਪਾਉਣ ਦਾ ਕੀ ਮਤਲਬ ਹੈ ਜਾਂ ਕਿਉਂ ਪਾਇਆ ਜਾਂਦਾ ਹੈ।

ਸਰ:- ਕੜਾ, ਕੱਛਾ, ਕੇਸ, ਕਿਰਪਾਨ, ਕੰਘਾ ਇਹ ਸ੍ਰੀ ਵਾਹਿਗੁਰੂ ਜੀ ਵੱਲੋਂ ਸਿੱਖ ਨੂੰ ਦਿੱਤੇ ਗਏ, ਇਸ ਤੋਂ ਸਿੱਖ ਦੀ ਪਹਿਚਾਣ ਹੁੰਦੀ ਏ। ਕੜਾ ਹੱਥ ਵਿਚ ਇਸ ਲਈ ਪਾਇਆ ਜਾਂਦਾ ਹੈ ਤਾਂ ਕਿ ਕੜਾ ਸਾਨੂੰ ਗਲਤ ਕੰਮ ਤੋਂ ਰੋਕਦਾ ਹੈ। ਕਿਸੇ ਗਰੀਬ ਦਾ ਹੱਕ ਨਾ ਮਾਰੀਏ, ਕਿਸੇ ਮੁਜ਼ਲੂਮ ਤੇ ਅੱਤਿਆਚਾਰ ਨਾ ਕਰੀਏ, ਜਦੋਂ ਵੀ ਅਸੀਂ ਇਹ ਹੱਥ ਉਠਾਈਏ,ਗਰੀਬ ਮੁਜ਼ਲੂਮ ਦੀ ਮੱਦਦ ਲਈ।

ਜੱਜ:- ਕਿੰਨ੍ਹਾਂ ਤਕਲੀਫਾਂ ਕਾਰਨ ਤੁਸੀਂ ਏਥੇ ਆਏ ਹੋ?

ਸਰ:- ਜਿੰਨਾਂ ਤਕਲੀਫਾਂ ਕਾਰਨ ਮੈਂ ਏਥੇ ਆਇਆ ਹਾਂ, ਕਿਸ ਤਰ੍ਹਾਂ ਦੇਸ਼ ਦੇ ਰਖਵਾਲੇ ਹੀ ਦੇਸ਼ ਰਹਿਣ ਵਾਲਿਆ ਨੂੰ ਕਿਸ ਤਰ੍ਹਾਂ ਤੰਗ ਕਰਦੇ ਹਨ। ਉਥੇ ਕੋਈ ਕਿਸੇ ਦੀ ਆਵਾਜ਼ ਵੀ ਨਹੀਂ ਸੁਣਦਾ।

ਜੱਜ: ਮਿ: ਸੁਰਜੀਤ ਸਿੰਘ Welcome-Canada.

ਸਰ:- ਠਹਓਨਕਸ (ਧੰਨਵਾਦ)

ਜੱਜ:- ਮੇਰੀ ਅੱਖ 'ਚ ਪਾਣੀ ਆ ਗਿਆ, ਮੈਂ ਹੱਥ ਜੋੜ ਕੇ ਕਿਹਾ ਕਿ ਇਸ ਧਰਤੀ ਤੇ ਮੈਂ ਵੇਖਿਆ ਕਿ ਸ਼ੇਰ ਤੇ ਬੱਕਰੀ ਇੱਕੋ ਤਲਾਅ ਵਿੱਚ ਪਾਣੀ ਪੀਂਦੇ ਹੋਏ, ਏਥੇ ਕਿਸੇ ਵੱਡੇ ਛੋਟੇ ਗਰੀਬ ਦਾ ਫਰਕ ਨਹੀਂ ਹੈ, ਸਭ ਲਈ ਕਾਨੂੰਨ ਇੱਕੋ ਜਿਹਾ ਹੈ।

ਜੱਜ ਨੇ ਮੇਰੇ ਵੱਲ ਤੱਕਿਆ, ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿੰਦਾ ' ਠਹਓਨਕਸਂ ਰ.ਸ਼ੁਰਜਟਿ ਸ਼ਨਿਗਹ.'

ਪੰਜਾਬੋਂ ਆਇਆ ਵੀਰਨਾਂ ਉਏ.....

ਹਰਦਿਆਲ ਸਿੰਘ ' ਚੀਮਾਂ '

ਸਵਾਲ: ਪੰਜਾਬੋਂ ਆਇਆ ਵੀਰਨਾਂ ਉਏ,
ਕੋਈ ਗੱਲ ਸੁਣਾਂ ਦੇ ਯਾਰਾਂ ਦੀ!
ਸੱਥਾਂ ਵਿਚ ਹੁੰਦੀਆਂ ਗੱਲਾਂ ਦੀ,
ਕੋਈ ਹਾਣੀਆਂ ਦੀ ਦਿਲਦਾਰਾਂ ਦੀ।

ਜਵਾਬ: ਕਈ ਹਾਣੀ ਤੇਰੇ ਨਸ਼ਿਆਂ ਦੇ,
ਵਿਚ ਰੇਸ ਵਧਾਈ ਜਾਂਦੇ ਨੇ।
ਸਭ ਇਕ ਦੂਜੇ ਤੋਂ ਮੂਹਰੇ ਹੋ,
ਮੂੰਹ ਸਿਰ ਮਨਵਾਈ ਜਾਂਦੇ ਨੇ।

ਸਵਾਲ: ਰਾਏ ਪੁਰ ਵਿਚ ਗੱਡੀਆਂ ਦੀਆਂ ਦੌੜਾਂ,
ਅਤੇ ਮੈਚ ਵੀ ਹੁੰਦੇ ਹੋਵਣਗੇ!
ਕੁੜੀਆਂ ਦੀ ਹਾਕੀ ਤੇ ਆਪਣੇ,
ਕੌਲਾਜ ਦੇ ਮੁੰਡੇ ਹੋਵਣਗੇ।

ਜਵਾਬ: ਉਨ੍ਹਾਂ ਮੈਚਾਂ ਦੇ ਵਿਚ ਕੀ ਕਰਨਾਂ,
ਕਈ ਰੋਗ ਸਹੇੜੀ ਫਿਰਦੇ ਨੇ!
ਖਾ ਗੋਲੀਆਂ ਅਤੇ ਧਤੂਰਾ ਪੀ,
ਸਿੱਧੇ ਮੂੰਹ ਪਰਨੇ ਗਿਰਦੇ ਨੇ।

ਸਵਾਲ: ਜੱਟ ਫੋਰਡ ਟਰੈਕਟਰ ਦੇ ਉਤੇ,
ਖੇਤਾਂ ਵਿਚ ਭੰਗੜੇ ਪਾਉਂਦਾ ਹੋਊ!
ਹਰ ਰੋਜ਼ ਸ਼ਾਮ ਨੂੰ ਬੰਬੀ ਤੇ,
ਘੁੱਟ ਲਾ ਕੇ ਮਿਰਜ਼ਾ ਗਾਉਂਦਾ ਹੋਊ।

ਜਵਾਬ: ਉਹ ਦੱਬ ਲਿਆ ਕਰਜ਼ੇਦਾਰਾਂ ਨੇ,
ਖੇਤਾਂ ਵਿਚ ਭੰਗੜੇ ਕੀ ਪਾਉਣੇ!
ਸਿਰ ਫੜ ਕੇ ਰੋਂਦਾ ਵੱਟ ਤੇ ਬਹਿ,
ਉਸਨੇ ਹੁਣ ਮਿਰਜ਼ੇ ਕੀ ਗਾਉਣੇ।

ਸਵਾਲ: ਕੋਈ ਗੱਲ ਸੁਣਾ ਉਸ ਧਰਤੀ ਦੀ,
ਜਿਥੇ ਪੰਜ ਆਬ ਪਏ ਵਗਦੇ ਸਨ!
ਜਗਰਾਂਵੀਂ ਰੋਸ਼ਨੀ ਲਗਦੀ ਤੇ,
ਸੁਧਾਰ 'ਚ ਮੇਲੇ ਲਗਦੇ ਸਨ।

ਜਵਾਬ: ਕੀ ਭਾਣਾਂ ਵਰਤਿਆ ਧਰਤੀ ਤੇ,
ਹਰਿਆਲੀ ਦੀ ਥਾਂ ਲਹੂ ਦਿਸੇ!
ਨਾ ਚੋਬਰ ਮੁੱਛ ਫੁੱਟ ਦਿਸਦਾ ਏ,
ਨਾ ਘੁੰਡ ਵਾਲੀ ਕੋਈ ਬਹੂ ਦਿਸੇ।

ਸਭ ਇਕ ਦੂਜੇ ਦੇ ਦੁਸ਼ਮਣ ਹਨ,
ਖਵਰੇ ਕੀ ਵਾਅ ਜਿਹੀ ਵਗ ਗਈ ਏ!
ਵਹਿਣੀ ਵਾਲ, ਦਿਆਲ ਦਾ ਸੁਰਗ ਸੀ,
ਉਸਨੂੰ ਨਜ਼ਰ ਕਿਸੇ ਦੀ ਲੱਗ ਗਈ ਏ।
ਚੱਲ ਬੱਸ ਕਰ ਸੁਣਿਆ ਨਹੀਂ ਜਾਂਦਾ,
ਮੇਰੇ ਹੌਲ ਕਾਲਜੇ ਪੈ ਚੱਲਿਆ!
ਹੁਣ ਬਣੂ ਕੀ ਸੋਹਣੇ ਵਤਨਾਂ ਦਾ,
ਸਿਆਟਲੀਆ ਸੱਚੀ ਕਹਿ ਚੱਲਿਆ!

ਸਥਾਨਕ ਖਬਰਾਂ

ਨਵੀਂ ਕਾਉਂਸਲ ਦਾ ਏਜੰਡਾ

ਐਬਟਸਫੋਰਡ ਦੀ ਨਵੀਂ ਮੇਅਰ ਮੇਰੀ ਰੀਵਜ਼ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿ ਉਸ ਸੱਭ ਤੋਂ ਪਹਿਲਾਂ ਕਾਉਂਸਲ ਦਾ ਰਿਕਾਰਡ ਵੇਖ ਕੇ ਕਹਿ ਸਕੇਗੀ ਕਿ ਭਵਿੱਖ ਵਿੱਚ ਕਿਹੜੇ ਕੰਮਾਂ ਨੂੰ ਪਹਿਲ ਦਿੱਤੀ ਜਾਵੇ ਪਰ ਫਿਰ ਵੀ ਕਾਉਂਸਲ ਦਾ ਬੱਜਟ, ਪੁਲੀਸ ਅਪਰਾਧ, ਵਰਗੇ ਕੁੱਝ ਮੁੱਦੇ ਅਜਿਹੇ ਹਨ ਜਿੰਨਾਂ ਵਲ ਲੋੜੀਦਾ ਧਿਆਨ ਦੇਣਾ ਅਤੀ ਜ਼ਰੂਰੀ ਹੈ। ਹੋਰ ਗੱਲ ਜਿਹੜੀ ਉਨ੍ਹਾਂ ਕੀਤੀ, ਉਹ ਹੈ ਟੀਮ-ਵਰਕ। ਟੀਮ ਵਰਕ ਬਾਰੇ ਉਹ ਪਹਿਲਾਂ ਵੀ ਕਹਿ ਚੁੱਕੇ ਹਨ ਪਰ ਆਉਣ ਵਾਲਾ ਸਮਾਂ ਅਤੇ ਉਨ੍ਹਾਂ ਦੀ ਕਾਉਂਸਲ ਦੇ ਕੰਮਾਂ ਪ੍ਰਤੀ ਪਹੁੰਚ ਹੀ ਦਸੇਗੀ ਕਿ ਬਾਕੀ ਕਾਉਂਸਲਰਾਂ ਤੋਂ ਉਨ੍ਹਾਂ ਨੂੰ ਕਿੰਨਾ ਸਹਿਯੋਗ ਮਿਲਦਾ ਹੈ। ਨਵੇਂ ਕਾਉਂਸਲਰ ਬਰੂਸ ਬੈਕ ਦਾ ਕਹਿਣਾ ਹੈ ਕਿ ਉਹ ਮਿੱਲ ਲੇਕ ਪਾਰਕ ਤੋਂ ਇਲਾਵਾ ਕਾਉਂਸਲ ਵਿਰੁੱਧ ਕਿੰਗ ਕਰਾਸਿੰਗ ਦੇ ਪਾਲ ਐਸਪਾਸਿਟੋ ਵਲੋਂ $70 ਮਿਲੀਅਨ ਦੇ ਮੁਕੱਦਮੇ ਦੇ ਕਾਗਜ਼ ਪੱਤਰ ਪੜ੍ਹਨਾ ਚਾਹੁੰਦਾ ਹਾਂ। ਕਾਉਂਸਲ ਨੇ ਉਸਨੂੰ ਕੈਸੀਨੋ ਬਨਾਉਣ ਦੀ ਆਗਿਆ ਨਹੀਂ ਦਿੱਤੀ ਜਿਸ ਕਰਕੇ ਉਸਨੇ ਇਹ ਮੁਕੱਦਮਾ ਕੀਤਾ ਹੋਇਆ। ਹੋਰ ਚਲ ਰਹੇ ਮਸਲੇ ਹਨ---ਐਬਟਸਫੋਰਡ ਦਾ ਨਵਾਂ ਹਸਪਤਾਲ, ਮਾਊਂਟ ਲਹਿਮਨ ਇੰਟਰਚੇਂਜ ਅਤੇ ਸੁਮਾਸ ਇਨਰਜਨੀ 2 ਪਾਵਰ ਪਲਾਂਟ, ਅਤੇ ਸੁਮਾਸ ਸੀਵਰੇਜਦਾ ਮਸਲਾ ਜੋ ਸਾਲਸ ਨੂੰ ਦਿਤਾ ਗਿਆ ਹੈ। ਜੇਰਜ ਪੇਅਰੀ ਦਾ ਵੀਚਾਰ ਹੈ ਕਿ ਕਿਉਂਕਿ ਵੱਧ ਪੁਲੀਸ ਦੀ ਲੋੜ ਹੈ, ਹੋਰ ਫਾਇਰ ਫਾਈਟਰਜ਼ ਦੀ ਲੋੜ ਹੈ, ਮੰਨੋਰੰਜਨ ਸਹੂਲਤਾਂ ਅਤੇ ਹੋਰ ਸੇਵਾਵਾਂ ਉਪਲੱਬਧ ਕਰਾਉਣ ਦੀ ਲੋੜ ਨੂੰ ਪੂਰਾ ਕਰਨ ਲਈ ਟੈਕਸ ਵਧਾਉਣਾ ਹੀ ਪਵੇਗਾ। ਸ਼ਹਿਰ ਦਾ ਕਰਜ਼ਾ $45 ਮਿਲੀਅਨ ਤੋਂ ਘੱਟ ਕੇ $21 ਮਿਲੀਅਨ ਰਹਿ ਗਿਆ ਹੈ। ਜਿਸ ਵਿਧੀ ਨਾਲ ਇਹ ਘਟਿਆ ਹੈ, ਉਸ ਵਿਧੀ ਨੂੰ ਜਾਰੀ ਰਖਣਾ ਪਵੇਗਾ। ਨਵੀਆਂ ਪਹਿਲ ਕਦਮੀਆਂ ਲਈ ਪੈਸਾ ਜੁਟਾਉਣਾ ਔਖਾ ਹੋਵੇਗਾ। ਸੱਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੀ ਕਾਉਂਸਲਰ ਏ.ਪੈਟ੍ਰੀਸ਼ੀਆ ਰੌਸ ਦਾ ਖਿਆਲ ਹੈ ਕਿ ਸਾਨੂੰ ਸੁਮਾਸ ਈ.ਡੇ ਡਟਫਾਂ ਵਿਰੋਧ ਕਰਨ ਲਈ ਹੋਰ ਤਕੜੇ ਹੋ ਕੇ ਹੰਭਲਾ ਮਾਰਨਾ ਪਵੇਗਾ। ਇਸ ਵੀਚਾਰ ਦਾ ਸਮੱਰਥਨ ਮਸਲਿਆਂ ਦੇ ਹੱਲ ਲਈ ਸਮਾਜਕ ਸੰਸਥਾਵਾਂ, ਪੁਲੀਸ, ਚਰਚਾਂ, ਅਤੇ ਹੋਰ ਏਜੰਸੀਆਂ ਨੂੰ ਮਿਲ ਕੇ ਸ਼ਹਿਰ ਵਿੱਚ ਵਿਆਪਕ ਯਤਨ ਕਰਨੇ ਚਾਹੀਦੇ ਹਨ।

ਐਕਸਪੋਰਟ ਸੇਲ ਵਿੱਚ ਕੈਸਕੇਡ ਐਰੋਸਪੇਸ ਦੀ ਝੰਡੀ

22 ਨਵੰਬਰ ਨੂੰ ਵੈਨਕੂਵਰ ਦੇ ਸ਼ੈਰਾਟਨ ਵਾਲ ਸੈਂਟਰ ਹੋਟਲ ਵਿੱਚ ਸਾਲ 2002 ਸਬੰਧੀ ਬੀ.ਸੀ. ਐਕਸਪੋਰਟ ਐਵਾਰਡ ਦੇਣ ਲਈ ਹੋਏ ਸਮਾਗਮ ਵਿੱਚ ਐਬਟਸਫੋਰਡ ਸਥਿਤ ਏਅਰ ਫੋਰਸ ਸਰਵਿਸਿੰਗ ਮਾਹਰ ਕੰਪਨੀ ਕੈਸਕੇਡ ਐਰੋਸਪੇਸ ਨੂੰ ਇਹ ਐਵਾਰਡ ਦਿਤਾ ਗਿਆ। ਇਹ ਐਵਾਰਡ ਸਖਤ ਮੁਕਾਬਲੇਬਾਜ਼ੀ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਸ ਕੰਪਨੀ ਦੇ ਬਹੁਤੇ ਗਾਹਕ ਅਮਰੀਕਾ ਵਿੱਚ ਹਨ। ਐਬਟਸਫੋਰਡ ਏਅਰ ਪੋਰਟ ਤੇ ਸਥਿਤ ਇਹ ਕੰਪਨੀ ਹਵਾਈ ਜਹਾਜ਼ਾਂ ਦੀ ਮੁਰੰਮਤ, ਓਵਰ ਹਾਲਿੰਗ, ਰੱਦੋਬਦਲ ਦੀ ਮਾਹਰ ਹੈ, ਖਾਸ ਕਰ ਬੋਇੰਗ 737 ਏਅਰ ਕ੍ਰਾਫਟ ਦੀ। ਇਹ ਕੰਪਨੀ ਯੂ.ਸੀ.ਐੱਫ.ਵੀ ਨਾਲ ਮਿਲ ਕੇ ਤਕਨੀਕੀ ਸਿਖਿਆਰਥੀਆਂ ਨੂੰ ਅਮਲੀ ਸਿਖਿਆ ਦਿੰਦੀ ਹੈ। ਇਹ ਇਨਾਮ ਮਨਿਸਟਰੀ ਔਫ ਕੰਪੀਟੀਸ਼ਨ, ਸਾਇੰਸ ਅਤੇ ਐਂਟਰਪ੍ਰਾਈਜ਼ ਅਤੇ ਕੈਨੇਡੀਅਨ ਸੈਨ੍ਹੈਕਚਰਜ਼ ਐਂਡ ਐਕਸਪੋਰਟਰ ਵਲੋਂ ਦਿਤੇ ਜਾਂਦੇ ਹਨ। ਬੀ.ਸੀ. ਦੀਆਂ 8 ਹੋਰ ਕੰਪਨੀਆਂ ਨੂੰ ਐਕਸਪੋਰਟ ਦੀ ਵਧੀਆ ਕਾਰਗੁਜ਼ਾਰੀ ਲਈ ਦਿੱਤੇ ਗਏ ਹਨ।

ਸ਼ਰਾਬੀ ਡ੍ਰਾਈਵਰਾਂ ਦੀ ਸਹਾਇਤਾ ਲਈ ਪ੍ਰੋਗਰਾਮ

ਛੁੱਟੀਆਂ ਦਾ ਮੌਸਮ ਸ਼ੁਰੂ ਹੋ ਹੀ ਚੁੱਕਾ ਹੈ ਅਤੇ ਇਸਦੇ ਨਾਲ ਹੀ ਟ੍ਰੈਫਿਕ ਸੁਰੱਖਿਆ ਲਈ ਪੁਲੀਸ ਵਲੋਂ ਨਵੇਂ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ ਜਿਵੇਂ ਕਾਉਂਟਰ ਅਟੈਕ ਪ੍ਰੋਗਰਾਮ ਵਿਚ ਵਾਧਾ ਅਤੇ ਉਪਰੇਸ਼ਨ ਰੈਡੱ ਨੋਜ਼ ਪ੍ਰੋਗਰਾਮ। ਜਿੱਥੇ ਆਰ.ਸੀ.ਐਮ.ਪੀ. ਅਤੇ ਆਈ.ਸੀ.ਬੀ.ਸੀ. ਆਪਸੀ ਸਹਿਯੋਗ ਨਾਲ 10 ਹਫਤਿਆਂ ਲਈ ਰੋਡ ਬਲਾਕਾਂ ਦਾ ਪ੍ਰੋਗਰਾਮ ਲਾਗੂ ਕਰਨਗੇ ਉਥੇ ਉਪਰੇਸ਼ਨ ਰੈਡ ਨੋਜ਼ ਅਧੀਨ ਸ਼ਰਾਬੀ ਡ੍ਰਾਈਵਰਾਂ ਨੂੰ ਘਰ ਪਹੁੰਚਾਉਣ ਦੀ ਪ੍ਰਬੰਧ ਵੀ ਕੀਤੇ ਜਾ ਰਹੇ ਹਨ। ਦਸੰਬਰ ਦੇ ਹਰ ਸ਼ੁੱਕਰਵਾਰ ਅਤੇ ਸ਼ਨਿੱਚਰਵਾਰ ਦੀ ਰਾਤ ਨੂੰ ਅਤੇ ਨਵੇਂ ਸਾਲ ਚੜ੍ਹਨ ਤੋਂ ਪਹਿਲੀ ਰਾਤ ਨੂੰ ਜਿਹੜਾ ਡ੍ਰਾਈਵਰ ਸ਼ਰਾਬੀ ਹੋ ਗਿਆ ਹੋਵੇ ਤਾਂ ਉਹ ਰਾਤ ਨੂੰ 9 ਵਜੇ ਤੋਂ ਤੜਕੇ 3 ਵਜੇ ਤੱਕ 604-870-4145 ਤੇ ਫੋਨ ਕਰੇ। ਉਸਨੂੰ ਘਰ ਪਹੁੰਚਾਉਣ ਲਈ ਇਕ ਕਾਰ ਭੇਜੀ ਜਾਵੇਗੀ ਜਿਸ ਵਿੱਚ ਦੋ ਡ੍ਰਾਈਵਰ ਹੋਣਗੇ। ਉਨ੍ਹਾਂ ਵਿੱਚ ਇਕ ਆਪਣੀ ਕਾਰ ਚਲਾਵੇਗਾ ਅਤੇ ਦੂਸਰਾ ਸ਼ਰਾਬੀ ਡ੍ਰਾਈਵਰ ਦੀ ਕਾਰ ਚਲਾ ਕੇ ਉਸਨੂੰ ਉਸਦੇ ਘਰ ਪਹੁੰਚਾਵੇਗਾ। ਸ਼ਰਾਬੀ ਡ੍ਰਾਈਵਰ ਇਹਨਾਂ ਦਿਨਾਂ ਵਿੱਚ ਉਪਰੋਕਤ ਪ੍ਰੋਗਰਾਮ ਤੋਂ ਲਾਭ ਉਠਾ ਕੇ ਆਪਣੀ ਅਤੇ ਦੂਸਰਿਆਂ ਦੀ ਸੁਰੱਖਿਆ ਕਰ ਸਕਦੇ ਹਨ।

ਮਿਸ਼ਨ ਐਮ.ਐਲ.ਏ.ਰੈਂਡੀ ਹਾਜ਼ ਵਲੋਂ ਲੋਕਾਂ ਨਾਲ ਸੰਪਰਕ ਮੁਹਿੰਮ

ਮਿਸ਼ਨ ਦੇ ਐਮ.ਐਲ.ਏ.ਰੈਂਡੀ ਹਾਜ਼ ਮਿਸ਼ਨ ਦੇ ਐਂਡਰਿਊ ਯੂਨਾਈਟਡ ਚਰਚ ਵਿੱਚ ਪਹਿਲੀ ਮੀਟਿੰਗ ਕਰ ਰਹੇ ਹਨ ਜਿਸ ਵਿੱਚ ਉਹ ਬਜ਼ੁਰਗਾਂ ਦੇ ਅਤੇ ਬਜ਼ੁਰਗਾਂ ਬਾਰੇ ਮਸਲਿਆਂ ਜਿੰਨਾ ਵਿੱਚ ਫਾਰਮਾ ਕੇਅਰ ਸੀਨੀਅਰਜ਼ ਹਾਉਜ਼ਿੰਗ ਅਤੇ ਚਿਕਕਾਲੀ ਕੇਅਰ ਸ਼ਾਮਲ ਹਨ, ਲੋਕਾਂ ਦੇ ਵਿਚਾਰ ਸੁਣ ਰਹੇ ਹਨ। ਜਨਵਰੀ ਵਿੱਚ ਉਹ ਹੈਲਥ ਕੇਅਰ, ਸਮਾਜ ਮਸਲੇ, ਐਜੂਕੇਸ਼ਨ ਅਤੇ ਵਾਤਾਵਰਨ ਸਬੰਧੀ ਗੱਲਬਾਤ ਕਰਕੇ ਲੋਕਾਂ ਦੇ ਤੌਖਲਿਆਂ ਤੋਂ ਜਾਣੂ ਹੋਣਗੇ। ਉਨ੍ਹਾਂ ਨੂੰ ਆਸ ਹੈ ਕਿ ਅਜਿਹੀਆਂ ਮੀਟਿੰਗਾਂ ਨਾਲ ਸਰਕਾਰ ਦੀਆਂ ਪ੍ਰਸਤਾਵਿਤ ਨੀਤੀਆਂ ਬਾਰੇ ਫੈਲਾਈ ਜਾ ਰਹੀ ਗਲਤ ਜਾਣਕਾਰੀ ਨੂੰ ਦੂਰ ਕਰ ਸਕਣਗੇ। ਅਤੇ ਲੋਕਾਂ ਤੋਂ ਲੋਕਾਂ ਦੇ ਵਿਚਾਰ ਉਹ ਸਰਕਾਰ ਤਕ ਪਹੁੰਚਾਉਣ ਲਈ ਵਚਨਬੱਧ ਹਨ। ਜਿਹੜੇ ਲੋਕ ਅਜਿਹੀਆਂ ਮੀਟਿੰਗਾਂ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਤਾਂ ਉਹ 604-820-6203 ਜਾਂ 604-820-0220 ਤੇ ~~ਫੋਨ ਕਰਕੇ ਆਪਣਾ ਨਾਂ ਰਜਿਸਟਰ ਕਰਵਾ ਸਕਦੇ ਹਨ।~~

ਨੈਸ਼ਨਲ ਇਨਰਜੀ ਬੋਰਡ ਵਲੋਂ ਸੁਣਵਾਈ ਅਪ੍ਰੈਲ ਵਿੱਚ

ਅਕਤੂਬਰ ਵਿੱਚ 2000 ਦੇ ਲੱਗਭੱਗ ਐਬਟਸਫੋਰਡ ਨਿਵਾਸੀਆਂ ਵੱਲੋਂ ਰੋਲੀ ਕੀਤੀ ਗਈ ਜਿਸ ਵਿੱਚ ਐਨੱ.ਈ.ਬੀ. ਤੋਂ ਮੰਗਕੀਤੀ ਗਈ ਸੀ ਕਿ ਬੋਰਡ, ਨੈਸ਼ਨਲ ਇਨਰਜੀ ਸਿਸਟਮਜ਼ ਕਾਰਪੋਰੇਸ਼ਨ ਵਲੋਂ ਐਬਟਸਫੋਰਡ ਵਿੱਚੋਂ ਕੱਢੀ ਜਾਣ ਵਾਲੀ ਪਾਵਰ ਲਾਈਨ ਸਬੰਧੀ ਦਿਤੀ ਗਈ ਅਰਜ਼ੀ ਤੇ ਵਿਚਾਰ ਕਰਨ ਸਮੇਂ, ਐਸ.ਈ.2 ਅਤੇ ਪਾਵਰ ਲਾਈਨ ਦੇ ਵਾਤਾਵਰਨ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਮੁੱਖ ਰਖੇ। ਅਕਤੂਬਰ ਵਿੱਚ ਭਿੰਨ ਭਿੰਨ ਸੰਸਥਾਵਾਂ ਦੀ ਪ੍ਰਤੀਨਿਧਤਾ ਅਤੇ ਵਕਾਲਤ ਕਰਨ ਵਾਲੇ ਵਕੀਲ ਟਿਮ ਹੋਵਰਡ ਨੇ ਬੋਰਡ ਨੂੰ ਇਹ ਬੇਨਤੀ ਕੀਤੀ ਸੀ ਕਿ ਵਾਤਾਵਰਨ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਮੁਖ ਰਖਿਆ ਜਾਵੇ। ਵਕੀਲ ਦੀਆਂ ਦਲੀਲਾਂ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰਖਦਿਆਂ ਨੈਸ਼ਨਲ ਇਨਰਜੀ ਬੋਰਡ 7 ਅਪ੍ਰੈਲ,2003 ਨੂੰ ਗਾਰਡ ਪਾਰਕ ਵਿੱਚ ਹੋਣ ਵਾਲੀ ਸੁਣਵਾਈ ਉਠਾਏ ਗਏ ਨੁਕਤਿਆਂ ਨੂੰ ਵਿਚਾਰਨ ਦਾ ਫੈਸਲਾ ਕੀਤਾ ਹੈ। ਉਧਰ ਲਾਈਨ ਵਿਛਾਉਣ ਵਾਲੀ ਕੰਪਨੀ ਦੇ ਮੀਤ ਪ੍ਰਧਾਨ ਚੱਕ ਮਾਰਟਿਨ ਦਾ ਕਹਿਣਾ ਹੈ ਕਿ ਸਾਨੂੰ ਬੋਰਡ ਦੇ ਫੈਸਲੇ ਤੇ ਕੋਈ ਹੈਰਾਨੀ ਨਹੀਂ ਹੋਈ। ਅਸੀਂ ਆਪਣਾ ਕੇਸ ਜ਼ੋਰਦਾਰ ਢੰਗ ਨਾਲ ਪੇਸ਼ ਕਰਦਿਆਂ ਇਹ ਦਸਾਂਗੇ ਕਿ ਕੰਪਨੀ ਵਾਤਾਵਰਨ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦਾ ਯਕੀਨ ਦੁਆਏਗੀ ਸਾਨੂੰ ਇਸ ਲਈ ਕਾਫੀ ਮਿਹਨਤ ਕਰਨੀ ਪਵੇਗੀ।

ਫਾਇਰ ਵਿਭਾਗ ਨੂੰ ਫਾਇਰ ਫਰੀ ਕ੍ਰਿਸਮਿਸ ਦੀ ਆਸ

ਫਾਇਰ ਫਾਈਟਰਜ਼ ਨੇ ਆਪਣੇ ਫਾਇਰ ਹਾਲ ਦੇ ਬਾਹਰ ' ਗ੍ਰੀਨ ਰੀਦ ' ਲਗਾ ਦਿਤਾ ਹੈ ਜਿਸ ਵਿੱਚ ਅਜੇ ਤਕ ਕੋਈ ਲਾਲ ਬੱਤੀ ਨਹੀਂ ਜਗੀ। ਫਾਇਰ ਅਧਿਕਾਰੀ ਦਿਲੋਂ ਚਾਹੁੰਦੇ ਹਨ ਕਿ ਇਹ ਰੀਦ ਇਸ ਤਰ੍ਹਾਂ ਰਹੇ ਅਰਥਾਤ ਸ਼ਹਿਰ ਵਿੱਚ ਅੱਗ ਲੱਗਣ ਦੀ ਕੋਈ ਵਾਰਦਾਤ ਨਾ ਹੋਵੇ। ਜਿਉਂ ਜਿਉਂ ਕ੍ਰਿਸਮਿਸ ਨੇੜੇ ਆਉਂਦਾ ਹੈ, ਘਰਾਂ ਵਿੱਚ ਵਾਧੂ ਸਜਾਵਟੀ ਲਾਈਟਾਂ ਵਧਦੀਆਂ ਜਾਂਦੀਆਂ ਹਨ, ਫਾਇਰ ਪਲੇਸਿਜ਼ ਦੀ ਵਰਤੋਂ ਵਧੇਰੇ ਹੋ ਜਾਂਦੀ ਹੈ, ਮੋਮ ਬੱਤੀਆਂ ਜਗਾਈਆਂ ਜਾਂਦੀਆਂ ਹਨ। ਇਨਾਂ ਵੱਧ ਬੇ-ਧਿਆਨੀ ਦੇ ਸਿੱਟੇ ਵਜੋਂ ਅੱਗ ਦੀਆਂ ਵਾਰਦਾਤਾਂ ਹੋ ਜਾਂਦੀਆਂ ਹਨ। ਫਾਇਰ ਸਰਵਿਸ ਦੀ ਪ੍ਰਵਨਤਾ ਇਸਤ੍ਰੀ ਦਾ ਕਹਿਣਾ ਹੈ ਕਿ ਲੋਕਾਂ ਨੂੰ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਕ੍ਰਿਸਮਿਸ ਟ੍ਰੀਅ ਤਾਜ਼ਾ ਹੋਣ ਅਤੇ ਉਨ੍ਹਾਂ ਤੇ ਪਾਣੀ ਦਾ ਛਿੜਕਾਅ ਕੀਤਾ ਜਾਵੇ ਤਾਂ ਜੋ ਅੱਗ ਲੱਗਣ ਦੀ ਸੰਭਾਵਨਾ ਘਟ ਹੋਵੇ। ਫਾਇਰ ਸਰਵਿਸ ਵਾਲਿਆਂ ਵਲੋਂ ਲੋਕਾਂ ਨੂੰ ਅੱਗ ਬਾਰੇ ਚੇਤੰਨ ਰਹਿਣ ਲਈ ਕਿਹਾ ਜਾ ਰਿਹਾ ਹੈ ਤਾਂ ਜੋ ਕ੍ਰਿਸਮਿਸ ਫਾਇਰ ਫ੍ਰੀ ਲੰਘੇ।

ਸ਼ੋਕ ਸਮਾਚਾਰ

ਸ੍ਰੀਮਤੀ ਮਹਿੰਦਰ ਕੌਰ ਮਾਨ ਸੁਪਤਨੀ ਸ: ਭਾਗ ਸਿੰਘ ਮਾਨ ਪਿਛਲਾ ਪਿੰਡ ਖੁਡੀ ਕਲਾਂ ਜ਼ਿਲਾ ਸੰਗਰੂਰ 74 ਸਾਲ ਦੀ ਆਯੂ ਭੋਗ ਕੇ ਦਸੰਬਰ 7/2002 ਨੂੰ ਐਬਟਸਫੋਰਡ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਅੰਤਮ ਦਰਸ਼ਨ ਦਸੰਬਰ 14/2002 ਦਿਨ ਸ਼ਨਿੱਚਰਵਾਰ ਨੂੰ ਸਵੇਰੇ 10 ਵਜੇ ਵੁੱਡਲਾਨ ਫਿਊਨਰਲ ਹੋਮ ਕਲੀਅਰ ਬਰੁੱਕ ਰੋਡ ਐਬਟਸਫੋਰਡ ਵਿਖੇ ਹੋਵੇਗਾ। ਉਸ ਤੋਂ ਉਪਰੰਤ ਉਹਨਾਂ ਦੀ ਨਮਿਰਤ ਰੱਖੇ ਹੋਏ ਸਹਿਜ ਪਾਠ ਦਾ ਭੋਗ ਦਸੰਬਰ 14/2002 ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 2.00 ਵਜੇ ਗੁਰੂ ਘਰ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਿਖੇ ਪਵੇਗਾ। ਹੋਰ ਜਾਣਕਾਰੀ ਲਈ ਜਗਦੀਪ ਸਿੰਘ (ਹੈਰੀ) ਨੂੰ 604-852-6086 ਜਾਂ 604-850-1917 ਤੇ ਫੋਨ ਕਰ ਸਕਦੇ ਹੋ।

NEW PACIFIC NISSAN

Lease a Sentra XE
WITH VALUE OPTION PACKAGE

FOR ONLY $199/MTH.*
for 48 months, only $1,984 down
OR CHOOSE 1.8% FINANCING.^

WE'VE GOT THE PAYMENT THAT'S RIGHT FOR YOU.

DOWN PAYMENT	MONTHLY LEASE PAYMENT
$1,984	$199
$600	$229
$0	$242

Sentra XE Value Option Package Includes:
• 126-HP 1.8-litre DOHC engine • Air conditioning • AM/FM with CD with 4 speakers • Dual remote mirrors • 8 way manual driver's seat • 60/40 split folding seat.

2003 MAXIMA GXE

LEASE FOR $399/MTH.*OR CHOOSE 2.8% FINANCING
Features • 255-HP 3.5-litre DOHC 24-valve engine • 4 speed automatic with gated shifter • 16" alloy wheels • HID Xenon headlights • 8 way power driver's seat • automatic climate control A/C with microfilter

2003 ALTIMA 2.5S
Winner 2003 Carguide /the Globe and Mail "Best Buy"

$25,733 OR LEASE FOR $319 MONTH*
Features • 175-HP 2.5-litre DOHC engine • Air conditioning • 6 speaker AM/FM/CD • Remote keyless entry • Power windows • Cruise control • Tubular roof rack with removable basket & wind deflector.

2003 XTERRA XE

$25,733 OR LEASE FOR $319 MONTH*
Features • 180 HP engine, 3.3 litre • Air Conditioning • 6 speaker AM/FM/CD • Remote Keyless entry • Power windows • Cruise Control • Tubular roof rack with removable basket & wind deflector

2003 PATHFINDER
"Chilkoot Edition"

LEASE FOR $399/MTH.*OR CHOOSE 2.8% FINANCING
Includes over $2,100 in additional value-added options.
• 4-speed automatic with overdrive • "All-Mode" 4-wheel drive (auto 4-wheel drive selector dial) • Upgraded 150-watt Bose CD audio system with in-dash 6-disc autochanger • Dark titanium-coloured side-step rails

2003 MURANO SL
AJAC Award Winner "Best New Sport Utility Under $45,000"

$40,481
Features • 245-HP 3.5-litre DOHC V6 engine with CVVTS • Xtronic CVT (Continuously Variable Transmission) • All wheel drive • Dual zone automatic climate control • 7 speaker Bose audio system with in-dash 6-CD changer • 18" alloy wheels

ਕਿਸੇ ਵੀ ਤਰਾਂ ਦਾ ਟਰਕ ਜਾਂ ਕਾਰ ਖਰੀਦਣ ਲਈ ਇਕ ਵਾਰ ਦਰਸ਼ਨ ਸਿਯੁੱ ਹੋਰਾਂ ਨੂੰ ਫੋਨ ਕਰੋ

15257 Fraser Highway
Surrey, BC V3R 3P3
Phone: 604.589.8999
Fax: 604.589.3229
Cel: 604.817.2592

Darshan Sidhu
Fleet & Lease Manager

BAD Credit, NO Credit NO PROBLEM
ਕ੍ਰੈਡਿਟ ਖ਼ਰਾਬ ਹੈ, ਜਾਂ ਕੋਈ ਕ੍ਰੈਡਿਟ ਨਹੀਂ ਤਾਂ ਘਬਰਾਓ ਨਹੀਂ ਸਾਨੂੰ ਮਿਲੋ।

NISSAN

ੴ ਵਾਹਿਗੁਰੂ ਜੀ ਕੀ ਫਤਹਿ।
ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।
FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE ENTIRE UNIVERSE. THEN WHO IS GOOD AND WHO IS BAD?

KHALSA DIWAN SOCIETY, ABBOTSFORD
ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ
(Incorporated As a Society under the "Societies Act")
SIKH TEMPLE
33094 South Fraser Way, Abbotsford, B.C. V2A 2A9 • 859-5665 • 854-1165

ਹਾਰਦਿਕ ਧੰਨਵਾਦ

ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਪ੍ਰਬੰਧਕ ਕਮੇਟੀ ਵਲੋਂ ਅਤੇ ਭਾਈ ਜਰਨੈਲ ਸਿੰਘ ਭੰਡਾਲ ਦੀ ਸਮੁੱਚੀ ਸਲੇਟ ਵਲੋਂ ਸਮੂਹ ਵੋਟਰਾਂ ਦਾ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ। ਜਿੰਨਾਂ ਨੇ ਆਪਣੇ ਕੀਮਤੀ ਵੋਟ ਪਾ ਕੇ ਉਨ੍ਹਾਂ ਨੂੰ ਸਫਲਤਾ ਬਖ਼ਸ਼ੀ ਹੈ ਅਤੇ ਇਸ ਤਰ੍ਹਾਂ ਭਾਈ ਜਰਨੈਲ ਸਿੰਘ ਦੀ ਸਲੇਟ ਵਲੋਂ ਮਿਥੇ ਗਏ ਉਦੇਸ਼ਾਂ ਅਤੇ ਮੰਤਵਾਂ ਦੀ ਪ੍ਰੋੜ੍ਹਤਾ ਕੀਤੀ ਹੈ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਸੰਗਤਾਂ ਆਪਣੇ ਉਸਾਰੂ ਸੁਝਾਓ ਭੇਜ ਕੇ ਨਵੇਂ ਚੁਣੇ ਗਏ ਸੇਵਕਾਂ ਨੂੰ ਉਤਸ਼ਾਹਿਤ ਕਰਦੀਆਂ ਰਹਿਣਗੀਆਂ। ਧੰਨਵਾਦੀ ਹੋਵਾਂਗੇ।

ਵਲੋਂ :- ਸਮੂਹ ਪ੍ਰਬੰਧਕ ਕਮੇਟੀ ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ

ਸੰਗਤਾਂ ਦੇ ਦਾਸ
ਸਮੂਹ ਪ੍ਰਬੰਧਕ ਕਮੇਟੀ
ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ
ਫੋਨ: (604) 850 - 7338; (604) 859 - 5665

ਕਾਵਿ - ਕਿਆਰੀ

ਰੌਣਕਾਂ ਚਿਹਰੇ ਉਦਾਸੀ ਉਘੱੜੀ ਕੌਣ ਸਮਿਆਂ ਨੂੰ ਚੁਆਤੀ ਲਾ ਗਿਆ

ਬੀਮਣ ਸਿੰਘ 'ਸੈਣੀ'

ਸਮਝ ਨਾ ਹੋਇਆ ਅਚਾਨਕ ਹਾਦਸਾ
ਇਹ ਤਾਂ ਚਲੇਗਾ ਨਿਰੰਤਰ ਸਿਲਸਿਲਾ
ਇਹ ਸਰਾਪੇ ਮੌਸਮਾਂ ਦੀ ਦਾਸਤਾਂ
ਬੇਜ਼ੁਬਾਂ ਲੋਕਾਂ ਦੀ ਜ਼ਿਹਨੀ ਤੋਖ਼ਲਾ।
ਤੂੰ ਪਹੀਏ ਭਾਲਦੈਂ ਕਿਥੋਂ ਸੁਵੰਤ
ਧਰਤ ਮੇਰੇ ਸ਼ਹਿਰ ਦੀ ਹੈ ਕਰਬਲਾ।
ਕਲ੍ਹ ਅਮਨ ਦਾ ਮਸੀਹਾ ਮਰ ਗਿਆ।
ਮੌਸਮਾਂ ਤੋਂ ਡਰ ਜਿਹਾ ਲਗਦਾ ਰਿਹੈ।
ਮੌਤ ਪਿਛੇ ਕਤਲ ਹੋਏਗਾ ਜ਼ਰੂਰ,
ਦੇਰ ਤਕ ਜੇ ਸਿਵਾ ਨਾ ਬਾਲਿਆ।
ਕਲ ਸੂਰਜ ਵਾਂਗ ਸੀ ਜੋ ਚਮਕਦਾ।
ਅਜ ਉਹੀ ਜਾਪਦੈ ਜੁਗਨੂੰ ਜਿਹਾ।
ਰੌਣਕਾਂ ਚਿਹਰੇ ਉਦਾਸੀ ਉਘੱੜੀ,
ਕੌਣ ਸਮਿਆਂ ਨੂੰ ਚੁਆਤੀ ਲਾ ਗਿਆ।
ਘਰ ਤਾਂ 'ਸੈਣੀ' ਦਾ ਬਹਾਰਾਂ ਸਾੜਿਆ,
ਪੱਤਝੜਾਂ 'ਤੇ ਕਿਸ ਤਰਾਂ ਕਰਦਾ ਗਿਲਾ।

ਕਦੀ ਨਾ ਮਾਂਝੀ ਬਣ ਕੇ ਪਾਰ ਲਾ ਸਕਿਆ ਮੁਕੱਦਰ ਸਦਾ ਸੰਘਰਸ਼ ਤੇ ਮਿਹਨਤ ਨੇ ਹੀ ਬੇੜਾ ਪਾਰ ਕੀਤਾ।

ਦਾਦਰ 'ਪੰਡੋਰਵੀ'

ਮੈਂ ਯਾਰਾਂ-ਦੋਸਤਾਂ 'ਤੇ ਉਮਰ ਭਰ ਇਤਬਾਰ ਕੀਤਾ।
ਮਗਰ ਦਾਅ ਲਗਦਿਆਂ ਹੀ ਹਰ ਕਿਸੇ ਨੇ ਵਾਰ ਕੀਤਾ।
ਨਾ ਕਾਲੀ ਰਾਤ, ਨਾ ਜੰਗਲ, ਨਾ ਮੀਂਹ ਹੀ ਕਰ ਸਕੇ,
ਪਰ, ਮੇਰੇ ਹੀ ਰਾਹਨੁਮਾ ਨੇ ਰਾਹ ਮੇਰਾ ਦੁਸ਼ਵਾਰ ਕੀਤਾ।
ਉਹ ਕਾਹਦਾ ਸੂਰਮਾ ਹੈ, ਉਹ ਤਾਂ ਡਰਪੋਕ, ਬੁਜ਼ਦਿਲ ਹੈ।
ਨਿਹੱਥੇ ਆਦਮੀ ਉਤੇ ਹੈ ਜਿਸਨੇ ਵਾਰ ਕੀਤਾ।
ਨਾ ਮੈਨੂੰ ਮਰਨ ਦਿੱਤਾ ਉਸਦੇ ਜੀਵਨ ਲਾਰਿਆਂ ਨੇ
ਛੁਰੀ ਗਰਦਨ 'ਤੇ ਰੱਖ ਕੇ ਜ਼ਿੰਦਗੀ ਨੇ ਪਿਆਰ ਕੀਤਾ।
ਕਦੀ ਨਾ ਮਾਂਝੀ ਬਣਕੇ ਪਾਰ ਲਾ ਸਕਿਆ ਮੁਕੱਦਰ।
ਸਦਾ ਸੰਘਰਸ਼ ਤੇ ਮਿਹਨਤ ਨੇ ਹੀ ਬੇੜਾ ਹੈ ਪਾਰ ਕੀਤਾ।
ਗਿਲਾ ਉਸ ਨਾਲ ਭਲਾ ਕੀ ਸੀ ਭਾਵੇਂ ਠੁਕਰਾਉਂਦਾ ਦਿਲ ਨੂੰ
ਦਿਲੋਂ ਜੋ ਨਾਲ ਉਸਦੇ ਹੁੰਦਾ ਨਾ ਪਿਆਰ ਕੀਤਾ।
ਜਦੋਂ ਤਕ ਪਿਆਰ ਸੀ ਮੈਂ ਪਿਆਰ ਕੀਤਾ 'ਦਾਦਰ'
ਵਿਪਾਰੀ ਨਾਲ ਹੁਣ ਜਾਂਦਾ ਨੀ ਵਿਉਪਾਰ ਕੀਤਾ।

ਕਈ ਪਵਾੜੇ ਪਾ ਗਈ ਮੇਰੀ ਹੱਸਦੀ ਹੱਸਦੀ ਸੰਗ

ਮਰਹੂਮ ਨੰਦ ਲਾਲ 'ਨੂਰਪੁਰੀ'

ਕਦੀ ਜਵਾਨੀ ਰਾਂਗਲੀ ਮੇਰੇ ਭਰਵੇਂ ਭਰਵੇਂ ਅੰਗ
ਕਲ ਚੜਾਈ ਪੇਕਿਆਂ ਮੇਰੀ ਅਜ ਤਿੜਕ ਗਈ ਵੰਗ
ਇਸ਼ਕ ਲਪੇਟੇ ਡੋਰੀਏ, ਰੂਪ ਪਿਆਜ਼ੀ ਰੰਗ
ਮੇਰੀ ਇਕੋ ਜ਼ੁੱਲਫ ਦੇ ਮੂੰਹ ਵਿਚ ਕਈ ਹਜ਼ਾਰਾਂ ਡੰਗ
ਬਿਨ ਨਸਿਉਂ ਨਸ਼ਿਆ ਗਈ ਤੋਰਾਂ ਮਸਤ ਮਲੰਗ
ਅੰਗ ਅੰਗ ਭਰਿਆ ਮਸਤੀਆਂ ਚਾਲ ਨਿਰਾਲੇ ਢੰਗ
ਜਾਂ ਮੈਂ ਮਾਂਗ ਸਵਾਰ ਲਈ, ਮੈਂ ਕਈ ਨੈਣਾਂ ਦੀ ਮੰਗ
ਨੀਵੀਆਂ ਨਜ਼ਰਾਂ ਮੇਰੀਆਂ, ਫਿਰਦੀਆਂ ਇਉਂ ਨਿਸ਼ੰਗ
ਕਈ ਪਵਾੜੇ ਪਾ ਗਈ ਮੇਰੀ ਹੱਸਦੀ ਹੱਸਦੀ ਸੰਗ
ਮੈਂ ਖੇਡੀ ਸੌਨ੍ਹਾਂ ਮਾਰੀਆਂ, ਤੇ ਕਈ ਉਸਾਰੇ ਭੰਗ।

ਸਾਨੂੰ ਰਤਾ ਨਾ ਰਕੀਬਾਂ ਦੀਆਂ ਵਧੀਕੀਆਂ ਤੇ ਰੋਸ ਸਾਨੂੰ ਗਿਲਾ ਹੈ ਤਾਂ ਆਪਣੇ ਪਿਆਰਿਆਂ ਦੇ ਨਾਲ

ਪਿਛੋਰਾ ਸਿੰਘ ਕੈਲੇਫੋਰਨੀਆ'

ਕਾਹਦੀ ਲੋਅ ਜੋ ਨਾ ਟਕਰੀ ਹਨੇਰਿਆਂ ਦੇ ਨਾਲ
ਰਹੀ ਅਟਕੀ ਜੋ ਸਰਘੀ ਸਵੇਰਿਆਂ ਦੇ ਨਾਲ
ਕਾਹਦਾ ਨਿੰਮ੍ਹ ਜੋ ਸੁਰਜਾਂ ਦੇ ਨਾਲ ਹੀ ਰਿਹਾ,
ਕਾਹਦਾ ਦੀਪ ਜੋ ਨਾ ਸਜਿਆ ਬਨੇਰਿਆਂ ਦੇ ਨਾਲ।

ਸੁਣ ਪਾਣੀਆਂ ਦੇ ਗੀਤ ਤੇ ਰਵਾਨੀਆਂ ਦਾ ਰਾਜ
ਤਕ ਬੰਦਸਾਂ ਉਹ ਪੱਥਰਾਂ ਕਿਨਾਰਿਆਂ ਦੇ ਨਾਲ।
ਵੱਟੇ ਫੇਰ ਵੀ ਨਾ ਨਦੀਆਂ ਉਹ ਸੰਗਮੀ ਸੁਭਾਅ,
ਮਿਠੇ ਪਾਣੀ ਨੂੰ ਮਿਲਾਉਂਦੀਆਂ ਨੀ ਖਾਰੇ ਪਾਣੀਆਂ ਦੇ ਨਾਲ।

ਉਹਦਾ ਜ਼ੋਰ ਤੇ ਗੁਮਾਨ ਪੈਰ ਟੁਟਣਾ ਹੀ ਸੀ,
ਉਹਦਾ ਟੁਟਿਆ ਗੁਮਾਨ ਉਹਦੇ ਕਾਰਿਆਂ ਦੇ ਨਾਲ।
ਉਹਨੂੰ ਚਾਰਾਸਾਜ਼ ਜਾਣਿਆ ਉਹ ਪਿਠ ਦੇ ਗਿਆ।
ਉਨ੍ਹੇ ਕੀਤੀਆਂ ਕਦੂਰਤਾਂ ਬੇਚਾਰਿਆਂ ਦੇ ਨਾਲ।

ਸਾਨੂੰ ਰਤਾ ਨਾ ਰਕੀਬਾਂ ਦੀਆਂ ਵਧੀਕੀਆਂ 'ਤੇ ਰੋਸ,
ਸਾਨੂੰ ਗਿਲਾ ਹੈ ਤਾਂ ਆਪਣੇ ਪਿਆਰਿਆਂ ਦੇ ਨਾਲ।
ਸਾਥੋਂ ਗਈਆਂ ਨਾ ਉਠਾਈਆਂ ਅਜੇ ਬਾਹਵਾਂ ਪੂਰੀਆਂ।
ਹੋਣ ਲਗ ਪਈਆਂ ਸਾਜਸ਼ਾਂ ਸਿਤਾਰਿਆਂ ਦੇ ਨਾਲ।

ਐ ਦਿਲ ਤੂੰ ਮਸਤ ਰਹਿ ਕੇ ਜ਼ਮਾਨੇ ਦੇ ਰੰਗ ਦੇਖ! ਯਾਰਾਂ ਨੇ ਸੱਪਾਂ ਵਾਂਗਰਾਂ ਮਾਰੇ ਜੋ ਡੰਗ ਦੇਖ!

ਦੀਪਕ "ਜੈਤੋਈ"

ਹਿੰਦਾ ਹੈ ਏਥੇ ਅਮਨ ਜਾਂ ਹੁੰਦੀ ਏ ਜੰਗ ਦੇਖ!
ਐ ਦਿਲ! ਤੂੰ ਮਸਤ ਰਹਿ ਕੇ ਜ਼ਮਾਨੇ ਦੇ ਰੰਗ ਦੇਖ!
ਸਾਗਰ ਤੋਂ ਵਧ ਵਿਸ਼ਾਲ ਦਿਸੇ ਨਾ ਤਾਂ ਕਹੀਂ
ਸਾਗਰ ਦੀ ਲਹਿਰ ਦੇਖ, ਤੂੰ ਦਿਲ ਦੀ ਤਰੰਗ ਦੇਖ!
ਦੁਨੀਆਂ 'ਚ ਮਿਰੀ ਹਸਤੀ ਹੈ ਕਿੰਦਾਂ ਦੀ? ਇਹ ਨਾ ਪੁੱਛ!
ਧਰਤ ਤੇ ਡਿਗਦੀ ਅਰਸ਼ ਤੋਂ ਕਟੀ ਪਤੰਗ ਦੇਖ!
ਫਨ ਵੀ ਕਮਾਲ ਬਖਸ਼ਿਆ-ਤਕਦੀਰ ਭੀ ਕਮਾਲ
ਕੁਦਰਤ ਨੇ ਮੇਰੇ ਨਾਲ ਕੀਤੈ ਜੋ ਵਿਅੰਗ ਦੇਖ!
ਮੈਂ 'ਆਪ-ਆਪ' ਕਰ ਰਿਹੈਂ- 'ਤੂੰ-ਤੂੰ' ਹੈ ਕਹਿੰਦਾ ਸੇਖ
ਮਹਿਫਲ 'ਚ ਬਦਤਮੀਜ਼ ਦੇ ਬੈਠਣ ਦਾ ਢੰਗ ਦੇਖ!
ਲੂੰ ਲੂੰ ਤੇ ਮੇਰੇ ਜ਼ਖਮ ਹੈ- ਸਤਦਾ ਹੈ ਜ਼ਖਮ ਜ਼ਖਮ
ਯਾਰਾਂ ਨੇ ਸੱਪਾਂ ਵਾਗਰਾਂ ਮਾਰੇ ਜੋ ਡੰਗ ਦੇਖ!
ਕਾਤਿਲ ਬਦਲ ਸਕੇਗਾ ਨਾ ਸਾਰੇ ਖਿਆਲ ਮੂਲ
ਇਕ-ਇਕ ਨੂੰ ਬੇਦਰੇਗ ਤੂੰ ਸੂਲੀ ਤੇ ਟੰਗ ਦੇਖ!
ਤਹਿਜ਼ੀਬ ਦੇਖਣੀ ਹੈ ਤਾਂ ਨਵੇਂ ਦੌਰ ਦੀ ਤੂੰ ਯਾਰ
ਭਿਜਿਆ ਲਹੂ 'ਚ ਹੁਸਨ ਦਾ ਫਿਰ ਅੰਗ-ਅੰਗ ਦੇਖ!
ਨਾ ਜ਼ਿਕਰ ਕਰ ਖਲੂਸ ਦਾ, ਗਲ ਨਾ ਵਫਾ ਦੀ ਛੇੜ
ਚੁਪ ਚਾਪ ਰਹਿ ਕੇ ਵਕਤ ਦੇ ਤੂੰ ਰੰਗ-ਢੰਗ ਵੇਖ!
ਕੁਲ ਚਾਲਬਾਜ਼ ਲੋਕ ਹੀ ਲੁਟਦੇ ਪਏ ਨੇ ਐਸ਼
ਬਾਕੀ ਤਮਾਮ ਲੋਕ ਤੂੰ ਅੱਤਾਂ ਦੇ ਤੰਗ ਦੇਖ!
ਹੁਲੀਆ ਤੇਰਾ ਵਿਗਾੜ ਕੇ ਨਾ ਛਡਿਆ ਤਾਂ ਕਹੀਂ
ਟਕਰਾ ਕੇ ਮੇਰੇ ਨਾਲ ਐ! ਬਿਜਲੀ ਨਿਸ਼ੰਗ ਦੇਖ!
ਸ਼ੇਖੀ ਤਿਰੀ ਹੈ ਜ਼ਿੰਦਗੀ! ਮਹਿਫਲ ਦੀ ਐ ਹੁਸੀਨ!!
ਸ਼ੇਖੀ ਖਿਲਾਰ ਆਪਣੀ ਐਵੇਂ ਨਾ ਸੰਗ ਦੇਖ!
ਦੀਪਕ ਦੀ ਹਰ ਗਜ਼ਲ 'ਚ ਤਕੀ ਮੀਰ ਦਾ ਹੈ ਸੋਜ਼
ਗਾਲਿਬ ਦੇ ਵਾਂਗ ਉਸਦੀ ਤੂੰ ਆਦਤ ਮਲੰਗ ਦੇਖ!

ਆ ਕਵਿਤਾ, ਕੋਈ ਸੰਵਾਦ ਰਚਾਈਏ

ਗੁਰਮੀਤ 'ਹਯਾਤਪੁਰੀ'

ਆ ਕਵਿਤਾ
ਅੱਤਾਂ ਦੀ ਚੁੱਤੇ
ਕੋਈ ਸੰਵਾਦ ਰਚਾਈਏ
ਇਕ-ਦੂਜੇ ਤੋਂ ਦੋਵੇਂ ਆਪਾਂ
ਵਾਰੇ-ਵਾਰੇ ਜਾਈਏ।
ਇਸ਼ਕ ਹਕੀਕੀ
ਇਸ਼ਕ ਮਜ਼ਾਜੀ
ਅੱਜ ਨਹੀਂ ਕਰਨੀਆਂ ਗੱਲਾਂ
ਲੋੜਵੰਦਾਂ ਦੀ ਕੋਈ ਗੱਲ ਸੁਣੀਏ
ਆਪਣੀ ਕੋਲੋਂ ਸੁਣਾਈਏ।
ਭਾਵਾਂ ਭੱਲ ਜਿਹੇ ਮੌਸਮ ਵਿੱਚ
ਪ੍ਰਵਾਜ਼ ਭਰਨ ਤੋਂ ਪਹਿਲਾਂ
ਧਰਤੀ ਦੀ ਧੜਕਣ ਨੂੰ ਆਪਾਂ
ਛਾਤੀ ਦੇ ਨਾਲ ਲਾਈਏ।
ਆ ਕਵਿਤਾ ਗਲ ਲਗ ਕੇ ਰੋਈਏ
ਤੇ ਨਾਲੇ ਖਿੜ ਖਿੜ ਹੱਸੀਏ
ਕੋਹ ਕੇ ਸਾਨੂੰ
ਵਕਤ ਨੇ ਮਾਰਿਆ
ਪਰ ਜਿਉਂਦੇ ਹਾਂ
ਉਹਨੂੰ ਦਸੀਏ।
ਉਮਰਾਂ ਦੇ ਚੋਰੇ ਤੋਂ ਚੰਗਾ
ਸੁਪਨਾ ਗੋਦ ਖਿਲਾਈਏ
ਚੁੰਮੀਏ ਚੱਟੀਏ ਲਾਡੀਆਂ ਕਰੀਏ
ਸਮਿਆਂ ਸੰਗ ਪਰਨਾਈਏ।
ਛੰਡ ਕਵਿਤਾ
ਇਹ ਹੋਸ਼ੀਆਂ ਗੱਲਾਂ
ਕਈ ਚਾਨਣ ਕਾਲੇ ਹੋ ਗਏ
ਰਾਤਾਂ ਦੇ ਜੁਗਨੂੰ ਵੀ ਭਾਵੇਂ
ਬੜੇ ਆਵਾਰਾ ਹੋ ਗਏ
ਧੁੱਪ ਦੇ ਟੋਟੇ
ਲੱਭ-ਲੱਭ ਕੇ
ਇਕ ਚਿੱਟਾ ਦਿਨ ਬਣਾਈਏ
ਆ ਕਵਿਤਾ
ਆ ਸੁਹਣੀਏ ਕਵਿਤਾ
ਕੋਈ ਸੰਵਾਦ ਰਚਾਈਏ।

ਕਵਿਤਾ

ਮਰਹੂਮ ਪ੍ਰੋ: ਮੋਹਨ ਸਿੰਘ

ਆਪਣੀ ਜ਼ਾਤ ਵਿਖਾਲਣ ਬਦਲੇ
ਰੱਬ ਨੇ ਹੁਸਨ ਬਣਾਇਆ।
ਦੇਖ ਹੁਸਨ ਦੇ ਤਿੱਖੇ ਜਲਵੇ
ਜ਼ੋਰ ਇਸ਼ਕ ਨੇ ਪਾਇਆ।
ਫੁਰਿਆ ਜਦੋਂ ਇਸ਼ਕ ਦਾ ਜਾਦੂ
ਦਿਲ ਵਿੱਚ ਕੁਦੀ ਮਸਤੀ
ਇਹ ਮਸਤੀ ਜਦ ਬੋਲ ਉਠੀ ਤਾਂ
ਹੜ੍ਹ ਕਵਿਤਾ ਦਾ ਆਇਆ।
ਜੰਗਲ ਦਾ ਫੁੱਲ
ਜੂਨ ਬੰਦੇ ਦੀ ਚੰਗੀ ਹੋਸੀ,
ਐ ਪਰ ਮੈਂ ਪਛੁਤਾਂਦਾ।
ਚੰਗਾ ਹੁੰਦਾ ਜੇ ਰੱਬ ਮੈਨੂੰ
ਜੰਗਲੀ ਫੁੱਲ ਬਣਾਂਦਾ
ਦੂਰ ਦੁਰਾਡੇ ਪਾਪਾਂ ਕੋਲੋਂ
ਕਿਸੇ ਜੂਹ ਦੇ ਖੂੰਜੇ,
ਚੁਪ ਚੁਪੀਤੇ ਉਗਦਾ ਫੁੱਲਦਾ
ਹਸਦਾ ਤੇ ਮਰ ਜਾਂਦਾ।

ਗ਼ਜ਼ਲ

'ਨਦੀਮ ਪਰਮਾਰ'

ਜੰਨ੍ਹੇ ਦੀ ਹੱਦ ਤੋਂ ਅਗੇ ਗੁਜ਼ਰ ਹੋਵੇ ਕਿ ਨਾ ਹੋਵੇ।
ਕਿਸੇ ਦਾ ਐ ਮਹੱਬਤ! ਇਹ ਹਸਰ ਹੋਵੇ ਕਿ ਨਾ ਹੋਵੇ।
ਹਿਜਰ ਦੀ ਰਾਤ ਬਿਨ ਰੋਇਆਂ ਬਸਰ ਹੁੰਦੀ ਨਹੀਂ ਯਾਰ
ਵਸਲ ਦੀ ਰਾਤ ਬਿਨ ਰੋਇਆਂ ਬਸਰ ਹੋਵੇ ਕਿ ਨਾ ਹੋਵੇ।
ਤਿਰੀ ਸਰਦਲ ਤਿਰੇ ਦਰ ਨੂੰ ਇਸ ਕਰਕੇ ਮੈਂ ਚੁੰਮਦਾ ਹਾਂ।
ਖੁਦਾ ਜਾਣੇ ਕਿ ਇਧਰੋਂ ਦੀ ਗੁਜ਼ਰ ਹੋਵੇ ਕਿ ਨਾ ਹੋਵੇ।
ਚਲੋ ਪੈਂਡਾ ਇਹ ਜੀਵਨ ਦਾ ਜ਼ਰਾ ਰਲ ਮਿਲ ਕੇ ਤਹਿ ਕਰੀਏ।
ਕਿ ਇਸ ਤੋਂ ਬਾਅਦ ਫਿਰ ਸਾਂਝਾ ਸਫਰ ਹੋਵੇ ਕਿ ਨਾ ਹੋਵੇ।
ਹਨੇਰਾ ਰਾਹ, ਮਿਲਨ ਦਾ ਚਾਅ, ਕਿਸੇ ਦਿਲ ਵਿਚ ਹੈ ਬੇਤਾਬੀ,
ਸਵੇਰਾ ਹੋਣ ਤਕ ਉਸ ਤੋਂ ਸਬਰ ਹੋਵੇ ਕਿ ਨਾ ਹੋਵੇ।
ਹਸੀਨ ਹੱਥ ਵਿਚ, ਛਲਕਦਾ ਦੇਖਕੇ ਇਹ ਜਾਮ ਐ ਸਾਕੀ
ਕਿਸੇ ਬਿਤਕੇ ਪਿਅਕਲ ਤੋਂ ਸਬਰ ਹੋਵੇ ਕਿ ਨਾ ਹੋਵੇ।
ਜ਼ਰਾ ਦਮ ਲੈਣ ਨੂੰ ਦੁਨੀਆਂ ਸ਼ਹਿਰ ਤੇਰੇ ਮੈਂ ਰੁਕਿਆ ਹਾਂ
ਕਿ ਮੇਰੀ ਰਾਹ ਵਿਚ ਖਬਰੇ ਸ਼ਹਿਰ ਹੋਵੇ ਕਿ ਨਾ ਹੋਵੇ।
ਜ਼ਰਾ ਆ ਕੇ ਦਿਖਾ ਦੇ ਰੂਪ ਦਾ ਜ਼ਲਵਾ ਹੈ, ਡਰ ਮੈਨੂੰ
ਕਿ ਤੇਰੇ ਦੇਖਣੇ ਨੂੰ ਫਿਰ ਨਜ਼ਰ ਹੋਵੇ ਕਿ ਨਾ ਹੋਵੇ।
ਬਹੁਤ ਸੋਚਣ ਦੇ ਪਿਛੋਂ ਅਲਖ ਦਰ ਤੇਰੇ ਤੇ ਜਗਾਈ ਹੈ
ਕਿ ਕੰਨ ਪੜਵਾਉਣ ਦੀ ਤੈਨੂੰ ਖਬਰ ਹੋਵੇ ਕਿ ਨਾ ਹੋਵੇ।
'ਨਦੀਮ' ਸ਼ਿਅਰ ਜਿਹੜੇ ਚਾਰ ਤੂੰ ਕਹਿਣੇ ਨੇ ਆ ਕਹਿ ਲੈ
ਗਜ਼ਲ ਦੀ ਕੀ ਪਤਾ ਕਲ, ਨੂੰ ਕਦਰ ਹੋਵੇ ਕਿ ਨਾ ਹੋਵੇ।

ਲੋਕਾਂ ਤੋਂ ਨੀ ਪੁੱਛੀ ਦਾ ਬੂਹਾ ਦਿਲ ਦੇ ਹਾਣੀ ਦਾ

'ਨਦੀਮ ਪਰਮਾਰ'

ਕਤਰਾ ਖਾਰੇ ਪਾਣੀ ਦਾ,
ਹੰਝੂ ਅੱਖ ਨਿਮਾਣੀ ਦਾ।
ਰੋਜ਼ ਸਿਆਪਾ ਕਰਦਾ ਹਾਂ,
ਜਿੰਦੂ ਖਸਮਾਂ ਖਾਣੀ ਦਾ।
ਫੁਲਾਂ ਰੁਤੇ ਫੁੱਲ ਬਣਕੇ
ਜੋਬਨ ਜੀਵਨ ਮਾਣੀਦਾ।
ਕੱਢ ਕਲੇਜਾ ਲੈ ਜਾਵੇ
ਚੇਤਾ ਵਿਛੜੇ ਹਾਣੀ ਦਾ।
ਇਕ ਹੋਵੇ ਤਾਂ ਗੰਢ ਲਵਾਂ
ਹਰ ਤੰਦ ਟੁਟਾ ਤਾਣੀ ਦਾ।
ਆਦਰ ਸਾਰੇ ਕਰਦੇ ਨੇ
ਮਿੱਠੀ ਬੋਲੀ ਬਾਣੀ ਦਾ।
ਅੱਖਾਂ ਤਕ ਜਾਂ ਚੋਹਰੇ ਤੋਂ
ਦਿਲ ਦਾ ਦਰਦ ਪਛਾਣੀ ਦਾ।
ਲੋਕਾਂ ਤੋਂ ਨਹੀਂ ਪੁੱਛੀਦਾ
ਬੂਹਾ ਦਿਲ ਦੇ ਹਾਣੀ ਦਾ।
ਲੜ ਇਹ ਬੰਨ ਲੈ 'ਨਦੀਮ'
ਸੁਫਨਾ ਜੱਗ ਨੂੰ ਜਾਣੀਦਾ।

Iraq Blasts U.S. for Dossier "Blackmail"

Iraq says Washington has strong-armed the United Nations into ceding control over Baghdad's arms dossier and predicts the Americans will use the 12,000-page document as a pretext to wage war.

U.N. member countries, including Norway and Syria, also assailed the United Nations over the dossier, accusing the world body of favouring the United States, Britain, China, France and Russia while relegating others to "'B' class membership".

The Iraqi Foreign Ministry said that Washington had wrested control over distribution of the documents from the United Nations in "an unprecedented blackmail operation".

"This American behaviour aims at manipulating United Nations documents to find covers for aggression against Iraq," said a statement, as U.N. arms experts hunting for banned weapons began their biggest search of a nearly two-week-old mission.

Chased by a motorcade of journalists, inspectors sped out of their Baghdad headquarters on Tuesday to investigate five sites, including the alleged centre of Iraq's nuclear programme.

The facility, 400 km (250 miles) northwest of Baghdad, has been alleged to be where Iraq produced "yellow cake" -- refined uranium ore -- used in Iraq's nuclear programme.

U.S. President George W. Bush has vowed to lead an international coalition to disarm Iraq by force if necessary, while Baghdad insists it has none of the nuclear, biological or chemical weapons Washington alleges it has.

The dossier, which is supposed to give a full accounting of Iraq's past and present weapons programmes, was ordered by the Security Council as part of a tough new resolution demanding Iraq disarm or face the possibility of war.

Diplomats and U.S. officials said on Monday that after an intense lobbying campaign, the United States received an early and uncut copy of Iraq's 11,807-page weapons declaration and whisked it to Washington for analysis.

The United States was then put in charge of making duplicates for its four fellow permanent members of the U.N. Security Council -- Britain, China, France and Russia -- on grounds that Washington had the best photocopying capabilities.

Colombian Ambassador Alfonso Valdivieso, the Security Council president for December, said he made the decision after coming under pressure from the United States. He said he called Security Council members and "we did it". All five permanent members are nuclear powers.

The decision upset several of the 10 non-permanent members of the 15-member Security Council, including Norway and Syria, as it overrode what the body had decided on Friday.

"It's in contradiction to...every kind of logic in the Security Council," Syrian U.N. Ambassador Mikhail Wehbe said.

"It's quite unacceptable to have a 'B' class membership," Norwegian Foreign Minister Jan Petersen told NRK public radio. "It is important that all members of the Council should have the same access to the material."

Diplomats said the dossier appeared to contain the names of foreign arms suppliers -- something that could prove embarrassing for the countries involved, including Security Council members.

U.S. Defense Secretary Donald Rumsfeld said he expected U.S. experts to take weeks to draw conclusions about the dossier, which Iraq issued at the weekend in hopes of avoiding war.

"The thing to do is to not prejudge it, be patient and expect that it will take days and weeks probably to go over, and come to some judgments about it," Rumsfeld told reporters before his arrival on Tuesday in the Eritrean capital Asmara.

U.S. experts are expected to search for discrepancies between Iraq's disclosures and U.S. intelligence data.

In London, British Prime Minister Tony Blair said it would be naive to think that President Saddam Hussein was likely to comply with the U.N. demands. But official Iraqi newspapers accused the United States and Britain of planning to attack Iraq despite Baghdad's handover of a "complete and accurate" dossier.

In an apparent swipe at Washington, Russia said U.N. arms inspectors should draw their own conclusions about the dossier before states accused Iraq of breaking U.N. resolutions.

In Washington, the U.S. military said U.S. and British warplanes attacked an anti-aircraft missile system in a "no-fly" zone in southern Iraq in response to what it called "Iraqi threats against coalition aircraft".

LIQUIDATION CLEARANCE!
EVERYTHING 10% OFF WITH AD!
GAP, MARYK CO., SHANK, INDUSTRY KIRK
AND MUCH MORE!!!
OVER 2000 NEW JEANS TO CHOOSE FROM!
$10.00 each
MENS, LADIES & KIDS


EVERYTHING IS ONLY $10!
EVERYTHING MUST GO!
COME EARLY & BRING FRIENDS.
BUY 1 OR BUY 10.
COME EARLY & BRING FRIENDS.
GREAT X-MAS GIFTS TO FAMILY AND/OR FRIENDS


FRI DEC 13 - MON DEC 23
8065 130th St. 11am to 7pm
EVERYTHING 10% OFF WITH AD!

ਉਤਰੀ ਅਮਰੀਕਾ ਦਾ ਲਿਖਾਰੀ ਸੁੱਚਾ ਸਿੰਘ 'ਕਲੇਰ'

ਵਲੋਂ:- ਹਰਭਜਨ ਸਿੰਘ ਮਾਂਗਟ
ਸਰੀ,ਬੀ.ਸੀ.





ਉਤਰੀ ਅਮਰੀਕਾ ਵਿਚ ਪੰਜਾਬੀ ਲੇਖਕਾਂ ਦੀ ਕਾਫ਼ੀ ਵੱਸੋਂ ਹੈ। ਭਾਵੇਂ ਉਹ ਸਮੁੰਦਰ ਪਾਰ ਆ ਵਸੇ ਹਨ ਪਰ ਉਨ੍ਹਾਂ ਦੀਆਂ ਜੜ੍ਹਾਂ ਤਾਂ ਵਰ੍ਹਿਆਂ ਦੇ ਵਰ੍ਹੇ ਬੀਤ ਜਾਣ ਪਿਛੋਂ ਵੀ ਪੰਜਾਬ ਵਿਚ ਹੀ ਹਨ।ਇਹਨਾਂ ਪੰਜਾਬੀ ਲੇਖਕਾਂ ਨੇ ਸਮੁੰਦਰੋਂ ਪਾਰ ਆ ਕੇ ਵੀ ਆਪਣੀ ਮਾਂ ਬੋਲੀ ਪੰਜਾਬੀ ਨਾਲੋਂ ਨਾਤਾ ਨਹੀਂ ਤੋੜਿਆ ਸਗੋਂ ਪੰਜਾਬੀ ਬੋਲੀ, ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਦਾ ਦੀਵਾ ਹਮੇਸ਼ਾ ਜਾਗਦੇ ਰੱਖਿਆ ਹੈ।ਉਹ ਕੈਨੇਡਾ ਵਿਚ ਰਹਿੰਦਾ ਹੋਇਆ ਵੀ ਇਕ ਸੱਚਾ ਸੁੱਚਾ ਪੰਜਾਬੀ ਹੈ ਤੇ ਮੋਹਣ ਗਿੱਲ ਦੇ ਲਿਖਣ ਅਨੁਸਾਰ ਉਹ ਤਾਂ "ਪੰਜਾਬੀ ਮਾਰਕਿਟ ਵੈਨਕੂਵਰ ਦਾ ਲੰਬੜਦਾਰ ਹੈ।"ਜਦੋਂ ਉਤਰੀ ਅਮਰੀਕਾ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕੁੱਝ ਲੇਖਕਾਂ ਨੇ 1985 ਵਿਚ ਵੈਨਕੂਵਰ ਵਿਚ ਨੀਂਹ ਰੱਖੀ ਤਾਂ ਉਨ੍ਹਾਂ ਵਿਚ ਜਿਥੇ ਸਵਰਗੀ ਤਾਰਾ ਸਿੰਘ ਹੇਅਰ, ਡਾਕਟਰ ਰਵੀ ਤੇ ਡਾਕਟਰ ਗੁਰੂਮੇਲ ਆਦਿ ਦੇ ਨਾਂ ਹਨ ਉਥੇ ਸੁੱਚਾ ਸਿੰਘ 'ਕਲੇਰ' ਦਾ ਨਾਂ ਵੀ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਕੁਝ ਕਾਰਨਾਂ ਕਰਕੇ ਸਭਾ ਦੀਆਂ ਗਤੀ ਵਿਧੀਆਂ ਪਹਿਲੇ ਤਿੰਨ ਸਾਲ ਮੱਧਮ ਪੈ ਗਈਆਂ ਤੇ ਸ਼ਹੀਦ ਤਾਰਾ ਸਿੰਘ ਹੇਅਰ ਤੇ ਕੁਝ ਹੋਰ ਲੇਖਕਾਂ ਨੇ ਇਕ ਮੀਟਿੰਗ ਬੁਲਾਈ ਤਾਂ ਜੋ ਸਭਾ ਨੂੰ ਮੁੜ ਸਰਗਰਮ ਕੀਤਾ ਜਾ ਸਕੇ। ਏਸ ਮੀਟਿੰਗ ਵਿਚ ਸ਼੍ਰੋਮਣੀ ਸਾਹਿਤਕਾਰ ਗੁਰਦੇਵ ਸਿੰਘ 'ਮਾਨ' ਨੂੰ ਪ੍ਰਧਾਨ ਚੁਣਿਆ ਗਿਆ ਅਜੈਬ ਸਿੰਘ ਨੂੰ ਜਨਰਲ ਸਕੱਤਰ। ਇਹ ਉਹੀ ਅਜੈਬ ਸਿੰਘ ਸਿੱਧੂ ਹਨ ਜੋ ਅੱਜ ਕੱਲ੍ਹ " ਦੇਸ ਪਰਦੇਸ" ਵੀਕਲੀ ਪ੍ਰਕਾਸ਼ਿਤ ਕਰਦੇ ਹਨ,ਤੇ ਸੁੱਚਾ ਸਿੰਘ 'ਕਲੇਰ' ਨੂੰ ਖਜ਼ਾਨਚੀ ਚੁਣਿਆ ਗਿਆ। ਮੋਹਣ ਗਿੱਲ ਤੇ ਪ੍ਰਿਤਪਾਲ ਗਿੱਲ ਵੀ ਇਨ੍ਹੀਂ ਦਿਨੀਂ ਬਾਹਰਲੇ ਸ਼ਹਿਰਾਂ ਤੋਂ ਆਕੇ ਵੈਨਕੂਵਰ ਵਸ ਗਏ ਤੇ ਸਭਾ ਨਾਲ ਜੁੜ ਗਏ। ਇੰਜ ਸੁੱਚਾ ਸਿੰਘ ਕਲੇਰ ਅੱਜ ਵੀ ਇਸ ਸਭਾ ਦਾ ਮਾਣਮੱਤਾ ਖਜ਼ਾਨਚੀ ਹੈ ਤੇ ਪੈਨੀ ਪੈਨੀ ਦਾ ਇਕ ਸੁਚੇਤ ਬਾਣੀਏ ਵਾਂਗ ਹਿਸਾਬ ਕਿਤਾਬ ਰੱਖਦਾ ਹੈ।" ਹੱਡ ਬੀਤੀਆਂ ਅਤੇ "ਸਮੇਂ ਦੀ ਪੈੜ" ਸੁੱਚਾ ਸਿੰਘ ਕਲੇਰ ਦੀਆਂ ਦੋ ਪੁਸਤਕਾਂ ਛਪ ਚੁਕੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੇ ਜੀਵਨ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਤੇ ਪੰਜਾਬੀਆਂ ਨੂੰ ਪਰਦੇਸਾਂ ਵਿਚ ਪੇਸ਼ ਆ ਰਹੇ ਮਸਲਿਆਂ ਤੇ ਬੜੀ ਬਾਰੀਕ ਬੀਨੀ ਨਾਲ ਚਾਨਣਾ ਪਾਇਆ ਗਿਆ ਹੈ। ਇਹਨਾਂ ਪੁਸਤਕਾਂ ਨੂੰ ਅਪਣੇ ਮਾਣਾਂ ਮੱਤੇ ਸਮਾਗਮਾਂ ਵਿਚ ਉਤਰੀ ਅਮਰੀਕਾ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਰਲੀਜ਼ ਕੀਤਾ ਹੈ। ਇਨ੍ਹਾਂ ਪੁਸਤਕਾਂ ਬਾਰੇ ਇਨ੍ਹਾਂ ਸਤਰਾਂ ਦੇ ਲੇਖਕ ਹਰਭਜਨ ਸਿੰਘ ਮਾਂਗਟ ਤੋਂ ਬਿਨਾ ਇੰਦਰਜੀਤ ਕੌਰ ਸਿੱਧੂ ਵੀ ਪਰਚੇ ਲਿਖਦੇ ਤੇ ਪੜ੍ਹਦੇ ਰਹੇ ਹਨ। ਨਾਮਬਰ ਅਦੀਬ ਸੁੱਚਾ ਸਿੰਘ ਕਲੇਰ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਭਰਵਾਂ ਵਿਚਾਰ ਵਟਾਂਦਰਾ ਕਰਦੇ ਰਹੇ ਹਨ ਜਿਨ੍ਹਾਂ ਵਿਚ ਡਾਕਟਰ ਗੁਰਮੇਲ, ਡਾਕਟਰ ਰਵੀ, ਮੋਹਣ ਗਿੱਲ ਤੇ ਪ੍ਰਿਤਪਾਲ ਗਿੱਲ, ਆਦਿ ਸ਼ਾਮਲ ਹਨ। 'ਕਲੇਰ' ਦੀ ਕਲਮ ਵਿਚ ਪੁਖਤਗੀ ਹੈ।ਵੰਨਗੀ ਦੇ ਤੌਰ ਤੇ ਪੇਸ਼ ਹੈ ਉਸਦੇ ਲੇਖਾਂ ਵਿਚੋਂ ਇਕ ਲੇਖ "ਪਰਵਾਸੀ ਜੀਵਨ ਦੇ ਮੁੱਢਲੇ ਵਰ੍ਹਿਆਂ ਦੀਆਂ ਮੁਸ਼ਕਲਾਂ":-ਮਨੁੱਖ ਆਪਣੇ ਜੀਵਨ ਲਈ ਸੁੱਖਾਂ ਦੀ ਭਾਲ ਵਿਚ ਹੀ ਆਪਣੀ ਆਯੂ ਦਾ ਪੈਂਡਾ ਖ਼ਤਮ ਕਰ ਜਾਂਦਾ ਹੈ। ਮਾਇਆ ਦੀ ਖਿੱਚ ਮਨੁੱਖੀ-ਮਨ ਨੂੰ ਕਈ ਤਰ੍ਹਾਂ ਦੇ ਅਣ-ਸੁਖਵੇਂ ਝਮੇਲਿਆਂ ਵਿਚ ਫਸਾ ਦਿੰਦੀ ਹੈ। ਇਕ ਦੇਸ਼ੋਂ ਦੂਜੇ ਦੇਸ਼ ਜਾ ਵਸਣ ਦੀ ਤਾਂਘ ਵੀ ਇਕ ਝਮੇਲਾ ਹੀ ਹੈ। ਹਿੰਦੁਸਤਾਨ ਨੂੰ ਆਜ਼ਾਦੀ ਮਿਲਣ ਤੋਂ ਮਗਰੋਂ ਉਥੋਂ ਦੇ ਲੋਕਾਂ ਦੀ ਪ੍ਰਦੇਸ ਜਾਣ ਦੀ ਤਾਂਘ ਵੀ ਉਬਾਲੇ ਖਾਣ ਲੱਗ ਪਈ ਸੀ। ਖਾਸ ਤੌਰ 'ਤੇ ਉਹ ਤਾਂਘ ਪੰਜਾਬੀਆਂ ਵਿਚ ਬਹੁਤ ਪ੍ਰਬਲ ਹੋ ਉਠੀ ਸੀ। ਪਾਕਿਸਤਾਨ ਬਣਨ ਵਾਲੇ ਘੱਲੂਘਾਰੇ ਤੋਂ ਪਿਛੋਂ ਪੰਜਾਬ ਦੇ ਪੇਂਡੂ ਕਿਸਾਨ ਝੋਲਿਆਂ ਵਿਚ ਨੋਟਾਂ ਦੀਆਂ ਧੱਬੀਆਂ ਪਾ ਕੇ ਵਲੈਤ ਭੇਜਣ ਵਾਲੇ ਦਲਾਲਾਂ ਮਗਰ ਫਿਰਨ ਲੱਗ ਪਏ ਸਨ। ਉਨ੍ਹਾਂ ਦਿਨਾਂ ਵਿਚ ਭਾਰਤੀ ਸਰਕਾਰ ਜਿਸ ਨੂੰ ਵੀ ਪਾਸਪੋਰਟ ਦੇ ਦਿੰਦੀ ਸੀ,ਉਸ ਲਈ ਇੰਗਲੈਂਡ ਜਾਣ ਦੇ ਦਰਵਾਜ਼ੇ ਖੁੱਲ੍ਹ ਜਾਂਦੇ ਸਨ। ਸਾਲ 1962 ਤੱਕ ਉਹ ਸਿਲਸਿਲਾ ਜਾਰੀ ਰਿਹਾ, ਉਸ ਤੋਂ ਬਾਅਦ ਬਰਤਾਨਵੀ ਸਰਕਾਰ ਨੇ ਵੀਜ਼ੇ ਦੇ ਹਥਿਆਰ ਦੀ ਵਰਤੋਂ ਨਾਲ ਭਾਰਤ ਤੋਂ ਇੰਗਲੈਂਡ ਵਿਚ ਦਾਖਲ ਹੋ ਸਕਣ ਵਾਲਿਆਂ ਦੀ ਵਾਗਡੋਰ ਆਪਣੇ ਹੱਥ ਵਿਚ ਲੈ ਲਈ ਸੀ। ਜਲੰਧਰ, ਫਗਵਾੜਾ ਅਤੇ ਹੁਸ਼ਿਆਰਪੁਰ ਦੇ ਦਲਾਲਾਂ ਨੇ "ਇੰਗਲੈਂਡ ਚਲੋ" ਦਾ ਨਾਹਰਾ ਬੁਲੰਦ ਕਰਕੇ ਪੇਂਡੂ ਲੋਕਾਂ ਨੂੰ ਬਹੁਤ ਉਕਸਾਹਟ ਕੀਤਾ। ਇੰਗਲੈਂਡ ਜਾਣ ਦੇ ਬਹੁਤ ਸਾਰੇ ਚਾਹਵਾਨਾਂ ਨੇ ਆਪੋ ਆਪਣੀਆਂ ਜ਼ਮੀਨਾਂ ਗਹਿਣੇਧਰ ਕੇ ਦਲਾਲਾਂ ਨਾਲ ਸਾਝਾਂ ਪਾ ਲਈਆਂ ਸਨ। ਦਲਾਲਾਂ ਮਗਰ ਗੇੜੇ ਮਾਰ-ਮਾਰ ਕੇ ਕਈਆਂ ਦੇ ਤਾਂ ਜੁੱਤੀਆਂ ਦੇ ਕਈ-ਕਈ ਜੋੜੇ ਘਸ ਗਏ ਸਨ, ਪਰ ਵਲੈਤ ਪੁੱਜਣਾ ਨਸੀਬ ਨਹੀਂ ਹੋਇਆ ਸੀ। ਜੋ ਵਲੈਤ ਪੁੱਜ ਗਏ ਉਹ ਕਿਸਾਨਾਂ ਤੋਂ ਮਜ਼ਦੂਰ ਬਣ ਗਏ। ਉਨ੍ਹਾਂ ਦਿਨਾਂ ਵਿਚ ਵਲੈਤ ਵਿਚ ਬੇਰੁਜ਼ਗਾਰੀ ਘੱਟ ਸੀ। ਬਹੁਤੇ ਪੇਂਡੂ ਲੋਕ ਜੋ ਉਥੇ ਪੁੱਜੇ ਸਨ, ਉਹ ਅਨਪੜ੍ਹ ਹੀ ਸਨ। ਅੰਗਰੇਜ਼ੀ ਉਹ ਬੋਲ ਨਹੀਂ ਸਕਦੇ ਸਨ। ਉਨ੍ਹਾਂ ਨੂੰ ਘਟੀਆ ਕਿਸਮ ਦੇ ਕੰਮ ਮਿਲਦੇ ਸਨ। ਭੱਠੀਆਂ ਵਿਚ ਮਘਦੇ ਲੋਹੇ ਦੇ ਸੇਕ ਸਾਹਮਣੇ ਗਰਮੋ-ਗਰਮੀ ਹੋਏ ਉਨ੍ਹਾਂ ਦੇ ਸਰੀਰਾਂ ਉਤੇ ਸੁਆਹ ਦਾ ਪੋਚਾ ਚੜ੍ਹਦਾ ਰਹਿੰਦਾ ਸੀ, ਉਸ ਸਮੇਂ ਉਥੇ ਕੰਮ ਮਿਲ ਜਾਂਦੇ ਸਨ, ਪਰ ਰਹਿਣ ਲਈ ਥਾਂ ਮਿਲਣੀ ਮੁਸ਼ਕਲ ਸੀ। ਗੋਰੇ ਕਿਸੇ ਪੰਜਾਬੀ ਮਜ਼ਦੂਰ ਨੂੰ ਥਾਂ ਕਿਰਾਏ ਤੇ ਨਹੀਂ ਦਿੰਦੇ ਸਨ, ਪਰ ਜਿਸ ਕਿਸੇ ਪੰਜਾਬੀ ਕੋਲ ਘਰ ਸੀ, ਉਹ ਦਿਲ ਖੋਲ੍ਹ ਕੇ ਨਵੇਂ ਆਏ ਪ੍ਰਵਾਸੀ ਨੂੰ ਜੀਅ ਆਇਆਂ ਕਹਿੰਦਾ ਸੀ। ਇਕ ਕਮਰੇ ਵਿਚ ਜਿੱਥੇ ਮੰਜੇ ਹੋਇਆ ਕਰਦੇ ਸਨ ਤਾਂ ਉਨ੍ਹਾਂ ਉਤੇ ਸੌਣ ਵਾਲ ਅੱਠ-ਅੱਠ ਬੰਦੇ ਹੋਇਆ ਕਰਦੇ ਸਨ। ਚਾਰ ਬੰਦੇ ਦਿਨ ਨੂੰ ਕੰਮ ਕਰਿਆ ਕਰਦੇ ਸਨ ਤੇ ਚਾਰ ਸੌਂ ਲਿਆ ਕਰਦੇ ਸਨ ਅਤੇ ਜਦ ਰਾਤ ਵਾਲਿਆਂ ਦੇ ਸੌਣ ਦਾ ਸਮਾਂ ਹੁੰਦਾ ਤਾਂ ਦਿਨ ਨੂੰ ਸੌਣ ਵਾਲੇ ਕੰਮ ਤੇ ਚਲੇ ਜਾਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਪਹਿਲਾਂ ਆਏ ਬੰਦੇ ਨਵੇਂ ਆਉਣ ਵਾਲੇ ਦੀ ਮਦਦ ਕਰਨਾ ਆਪਣਾ ਇਖਲਾਖੀ ਫਰਜ਼ ਸਮਝਿਆ ਕਰਦੇ ਸਨ। ਨਵੇਂ ਆਏ ਨੂੰ ਉਧਾਰ ਪੈਸੇ ਦੇਣਾਂ ਤੇ ਕਹਿਣਾ ਕਿ ਪਿੱਛੇ ਪਿੰਡ ਬੱਚਿਆਂ ਨੂੰ ਭੇਜ ਦਿਓ ਤਾਂ ਕਿ ਉਹ ਸਾਡੇ ਵਲੈਤ ਆਉਣ ਦਾ ਆਨੰਦ ਮਾਣ ਸਕਣ ਅਤੇ ਆਪਾਂ ਤਾਂ ਹੁਣ ਸੁਆਹ ਫੱਕਣੀ ਹੀ ਹੈ। ਇਸ ਸਦੀ ਦੇ ਪੰਜਵੇਂ ਦਹਾਕੇ ਦੇ ਅਖੀਰ ਵਿਚ ਵਲੈਤ ਦੇ ਚਾਲੀ ਪੌਂਡ ਦੇ ਇੰਡੀਆ ਵਿਚ 540 ਰੁਪਏ ਮਿਲਿਆ ਕਰਦੇ ਸਨ। ਅਜੇ ਕਰਮੇ-ਧਰਮੇ ਨੂੰ ਵਲੈਤ ਪੁੱਜੇ ਨੂੰ ਜਦ ਮਹੀਨਾ ਕੁ ਹੀ ਹੋਇਆ ਹੁੰਦਾ ਸੀ ਤਾਂ ਪਿੰਡ ਦਾ ਡਾਕੀਆ ਜਦ ਘੁੰਗਰੂਆਂ ਵਾਲੀ ਡਾਂਗ ਖੜਕਾਉਂਦਾ ਹੋਇਆ ਕਰਤਾਰੀ ਤੈਂਥੰਤੀ ਨੂੰ ਭਾਲਕੇ ਵਲੈਤੋਂ ਗਏ ਮਨੀਆਰਡਰ ਦੇ ਪੈਸੇ ਦਿੰਦਾ ਤਾਂ ਸਾਰੇ ਪਿੰਡ ਵਿਚ ਖ਼ਬਰ ਉਡਾਰੀ ਮਾਰ ਜਾਂਦੀ। ਭਾਈਚਾਰੇ ਦੇ ਬੰਦਿਆਂ ਵਿਚ ਵਲੈਤੋਂ ਗਈ ਮਾਇਆ ਦੀ ਖ਼ਬਰ ਉਨ੍ਹਾਂ ਨੂੰ ਵਲੈਤ ਪੁੱਜਣ ਲਈ ਹੋਰ ਵੀ ਉਕਸਾਹਟ ਕਰ ਦਿੰਦੀ। ਅੱਖੋਂ ਉਹਲੇਪਹਾੜੋਂ ਉਹਲੇ ਦੀ ਤਰ੍ਹਾਂ ਘਰ ਰਹਿਣ ਵਾਲੇ ਵਲੈਤ ਪੁੱਜਣ ਵਾਲਿਆਂ ਦੀ ਜੀਵਨ ਗੁਜ਼ਾਰੀ ਤੋਂ ਬਿਲਕੁਲ ਅਣਭੋਲੇ ਹੁੰਦੇ ਸਨ। ਉਨ੍ਹੀਂ ਦਿਨੀਂ ਜਿੱਥੇ ਉਹ ਰਿਹਾ ਕਰਦੇ ਸਨ, ਫਰਿਜ਼ ਬਿਲਕੁਲ ਨਹੀਂ ਸੀ ਹੋਇਆ ਕਰਦੇ, ਆਪੋ-ਆਪਣੀਆਂ ਰਿੰਨੀਆਂ ਦਾਲ-ਸਬਜ਼ੀਆਂ ਵਾਲੀਆਂ ਪਤੀਲੀਆਂ ਆਪੋ-ਆਪਣੇ ਮੰਜਿਆਂ ਹੇਠ ਰੱਖਿਆ ਕਰਦੇ ਸਨ, ਘਰਾਂ ਵਿਚ ਇਸ਼ਨਾਨ ਸਥਾਨ ਦਾ ਪ੍ਰਬੰਧ ਨਾ ਹੋਣ ਕਰਕੇ ਉਹ ਹਫਤਅੰਤ ਨੂੰ ਪਬਲਿਕ ਗੁਸਲਖਾਨਿਆਂ ਉਤੇ ਜਾ ਕੇ ਇਸ਼ਨਾਨ ਕਰਿਆ ਕਰਦੇ ਸਨ, ਜਿੱਥੇ ਹਰ ਵਾਰ ਬਾਥਟੱਬ ਪਾਣੀ ਨਾਲ ਭਰਨ ਦੇ ਪੈਸੇ ਦੇਣੇ ਪੈਂਦੇ ਸਨ। ਵਲੈਤ ਪੁੱਜੇ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਨਾਲ ਕੀਤੀ ਕਮਾਈ ਅਤੇ ਬੱਚਤਪਿੰਡ ਰਹਿੰਦੇ ਘਰ ਦੇ ਜੀਆਂ ਲਈ ਖੱਦਰ ਦੇ ਕੱਪੜਿਆਂ ਤੋਂ ਟੈਰਾਲੀਨ ਦੀਆਂ ਕਮੀਜ਼ਾਂ ਖਰੀਦਣ ਦਾ ਕਾਰਨ ਬਣਦੀ ਸੀ। ਕੰਮ ਕਰਦੇ ਸਮੇਂ ਉਨ੍ਹਾਂ ਦਾ ਇਕ-ਦੂਜੇ ਨੂੰ ਕਹਿਣਾ ਕਿ ਜੋ ਸੁਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ, ਪਿੰਡ ਰਹਿਣ ਵਾਲਿਆਂ ਕਦੇ ਨਹੀਂ ਸੀ ਸੁਣਿਆ।

ਇੰਗਲੈਂਡ ਵਿਚ ਰਹਿਣ ਵਾਲੇ ਲੋਕਾਂ ਨਾਲ ਜਦ ਗੱਲ ਕਰਨ ਦਾ ਮੌਕਾ ਮਿਲਦਾ ਹੈਂ ਤਾਂ ਉਹ ਤੋਬਾ ਕਹਿ ਕੇ ਗੱਲ ਕਰਨੀ ਬੰਦ ਕਰ ਦਿੰਦੇ ਹਨ।ਸਾਲ 1972 ਤੱਕ ਹਿੰਦੁਸਤਾਨ ਤੋਂ ਕੈਨੇਡਾ ਆਉਣ ਵਾਲਿਆਂ ਲਈ ਕੋਈ ਵੀਜ਼ਾ ਲੈਣ ਦੀ ਸ਼ਰਤ ਨਹੀਂ ਹੁੰਦੀ ਸੀ। ਸੰਨ 1967ਵਿਚ ਕੈਨੇਡਾ ਵਿਚ ਚੁਣੀ ਗਈ ਨਵੀਂ ਲਿਬਰਲ ਸਰਕਾਰ ਨੇ ਜਦ ਇਮੀਗਰੇਸ਼ਨ ਕਾਨੂੰਨ ਚੋਂ ਕੁਝ ਤਬਦੀਲੀਆਂ ਕੀਤੀਆਂ ਤਾਂ ਇਕ ਇਹ ਵੀ ਧਾਰਾ ਪਾ ਦਿੱਤੀ ਕਿ ਅਗਰ ਕੋਈ ਸੈਲਾਨੀ ਕੈਨੇਡਾ ਆਇਆ ਹੋਇਆ ਇਸ ਦੇਸ਼ ਨੂੰ ਪਸੰਦ ਕਰੇ ਤਾਂ ਉਹ ਇਥੇ ਰਹਿਣ ਲਈ ਦਰਖਾਸਤ ਦੇ ਸਕਦਾ ਹੈ। ਕਾਨੂੰਨ ਦੀ ਉਸ ਧਾਰਾ ਦਾ ਲਾਭ ਉਠਾਉਣ ਲਈ ਸਾਲ 1970-71 ਵਿਚ ਪੰਜਾਬਤੋਂ ਬਹੁਤ ਸਾਰੇ ਨੌਜਵਾਨ ਸੈਰ ਲਈ ਕੈਨੇਡਾ ਪੁੱਜ ਗਏ ਅਤੇ ਕੈਨੇਡਾ ਨੂੰ ਪਸੰਦ ਕਰ ਲੈਣ ਦੇ ਆਧਾਰ ਨਾਲ ਰਹਿਣ ਲਈ ਅਰਜ਼ੀਆਂ ਵੀ ਭਰ ਦਿੱਤੀਆਂ ਅਤੇ ਅਰਜ਼ੀਆਂ ਭਰਨ ਵਾਲੇ ਬਹੁਤੇ ਸਾਰੇ ਸੈਲਾਨੀ ਇਮੀਗਰੇਸ਼ਨ ਹਾਸਲ ਕਰਨ ਵਾਲੀ ਕਸਵੱਟੀ ਤੇਤਾਂ ਭਾਵੇਂ ਪੂਰੇ ਨਹੀਂ ਉਤਰਦੇ, ਪਰ ਪਿੱਛੋਂ ਜਾ ਕੇ ਸਰਕਾਰ ਨੇ ਸਭ ਅਰਜ਼ੀਆਂ ਦੇਣ ਵਾਲਿਆਂ ਨੂੰ ਕਾਨੂੰਨ ਦੀ ਕਸਵੱਟੀ ਨਾਲ ਚੁਣਨ ਦੀ ਬਜਾਏ ਸਭ ਨੂੰ ਕੈਨੇਡਾ ਰਹਿ ਸਕਣ ਦੀ ਆਗਿਆ ਦੇ ਦਿੱਤੀ ਉਸ ਸਮੇਂ ਕੈਨੇਡਾ ਵਿਚ ਬਹੁਤ ਥੋੜੇ ਪਰਿਵਾਰ ਹੁੰਦੇ ਸਨ, ਜਿਨ੍ਹਾਂ ਕੋਲ ਆਪਣੇ ਖਰੀਦੇ ਹੋਏ ਘਰ ਹੁੰਦੇ ਸਨ। ਘਰਾਂ ਵਾਲਿਆਂ ਕੋਲ ਆਏ ਸੈਲਾਨੀਆਂ ਦੀ ਇਸ ਤਰ੍ਹਾਂ ਭਰਮਾਰ ਹੁੰਦੀ ਸੀ, ਜਿਵੇਂ ਪਿੰਡਾਂ ਦੇ ਮੇਲਿਆਂ ਸਮੇਂ ਪ੍ਰਾਹੁਣਿਆਂ ਦੀ। ਪਰ ਇੱਥੇ ਉਨ੍ਹਾਂ ਦੀ ਪ੍ਰਾਹੁਣਿਆਂ ਵਾਲੀ ਕਦਰ ਨਹੀਂ ਹੁੰਦੀ, ਸਗੋਂ ਦੁਰਕਾਰੇ ਜਿਹੇ ਹੀ ਜਾਂਦੇ ਸਨ। ਕੰਮਾਂ ਦਾ ਨਾ ਮਿਲਣਾ, ਪੈਸੇ ਕੋਲ ਨਾ ਹੋਣਾ, ਰੋਟੀ ਤੇ ਰਿਹਾਇਸ਼ ਦੀ ਚਿੰਤਾ ਅਤੇ ਦੇਸੋਂ ਆਈ ਚਿੱਠੀ ਕਿ "ਮੱਝ ਵੀ ਮਰ ਗਈ ਹੈ" ਅਤੇ ਨਾਲ ਲੱਗਦਾ ਖੇਤ ਵੀ ਲੈਣਾ ਹੈ ਵਰਗੀਆਂ ਸੋਚਾਂ ਤੇ ਵਹਿਮਾਂ ਵਿਚ ਪਏ ਉਹ ਨੌਜਵਾਨ ਪੈਦਾ ਹੋਈ ਨਿਮੋਸ਼ੀ ਨੂੰ ਆਪੋ-ਆਪਣੇ ਮਨਾਂ ਵਿਚੋਂ ਕੱਢਣ ਲਈ ਸੋਝੀ ਦਾ ਧੱਕਾ ਲਾਈ ਜਾਂਦੇ ਰਹਿੰਦੇ ਸਨ। ਉਨ੍ਹਾਂ ਨੂੰ ਕੈਨੇਡਾ ਰਹਿਣ ਦਾ ਹੱਕ ਮਿਲਣ ਤੋਂ ਬਾਅਦ ਉਨ੍ਹਾਂ ਪਰਵਾਸੀਆਂ ਸਾਹਮਣੇ ਕੰਮਾਂ ਦਾ ਮਾਮਲਾ ਪਹਾੜ ਬਣੀ ਖੜ੍ਹਾ ਸੀ।ਉਨ੍ਹਾਂ ਦਿਨਾਂ ਵਿਚ ਜੋ ਕੈਨੇਡਾ ਸੈਰ ਲਈ ਆਏ ਸਨ ਜਾਂ ਤਾਂ ਉਹ ਕਾਲਜ ਪੜ੍ਹਦੇ ਮੁੰਡੇ ਸਨ ਜਾਂ ਘਰਾਂ ਦੇ ਚੌਧਰੀ ਕੰਮ ਉਨ੍ਹਾਂ ਨੇ ਕਦੇ ਕੀਤੇ ਨਹੀਂ ਸਨ, ਪਰ ਇੱਥੇ ਘਟੀਆ ਮਜ਼ਦੂਰੀ ਦੇ ਕੰਮਾਂ ਤੋਂ ਸਿਵਾਏ ਹੋਰ ਕੁਝ ਹੈ ਨਹੀਂ ਸੀ। ਮਰਦਾ ਕੀ ਨਹੀਂ ਕਰਦਾ ਮੁਤਾਬਿਕ ਉਨ੍ਹਾਂ ਨੂੰ ਜੋ ਕੰਮ ਮਿਲਦਾ, ਉਹ ਕਰਨ ਲੱਗ ਪੈਂਦੇ। ਬਹੁਤ ਸਾਰੇ ਲੱਕੜ ਦੀਆਂ ਮਿੱਲਾਂ ਵਿਚ ਮਜ਼ਦੂਰੀ ਕਰਨ ਲੱਗ ਪਏ ਅਤੇ ਕੁਝ ਖੇਤਾਂ ਵਿਚ।ਮੇਰਾ ਇਕ ਨੇੜਲਾ ਰਿਸ਼ਤੇਦਾਰ, ਜਿਸ ਨੇ ਡੇਹਰਾਦੂਨ ਤੋਂ ਐਮ.ਐਸ.ਸੀ.ਦੀ ਡਿਗਰੀ ਕੈਨੇਡਾ ਆਉਣ ਤੋਂ ਕੁਝ ਹੀ ਮਹੀਨੇ ਪਹਿਲਾਂ ਲਈ ਸੀ, ਜਦ ਖੇਤਾਂ ਵਿਚੋਂ ਸ਼ਾਮ ਨੂੰ ਕੰਮ ਕਰਕੇ ਮੁੜਦਾ ਸੀ ਤਾਂ ਮੇਰਾ ਤਰਸ ਭਰਿਆ ਮਨ ਉਸਦੀ ਹਾਲਤ ਅਤੇ ਉਸਦੇਮਾਤਾ-ਪਿਤਾ ਦੀ ਉਮੀਦ ਵੱਲ ਚਲਾ ਜਾਂਦਾ, ਜੋ ਸੋਚਦੇ ਸਨ ਕਿ ਉਨ੍ਹਾਂ ਦਾ ਪੁੱਤ ਕੈਨੇਡਾ ਦਾ ਸਵਰਗ ਭੋਗ ਰਿਹਾ ਹੈ। ਉਹ ਪ੍ਰਵਾਸੀ-ਪੁਣੇ ਦੇ ਪਹਿਲੇ ਦਿਨਾਂ ਦੀ ਘਾਲਣਾਂ ਵਿਚੋਂ ਲੰਘ ਕੇ ਅੱਜਕੱਲ੍ਹ ਅਮਰੀਕਾ ਦੇ ਇਕ ਸਕੂਲ ਵਿਚ ਸਾਇੰਸ ਅਧਿਆਪਕ ਹੈ।ਮਨੁੱਖ ਜਦ ਕਦੇ ਵੀ ਦੇਸੋਂ ਪ੍ਰਦੇਸ ਜਾਂਦਾ ਹੈ ਤਾਂ ਉਹ ਆਰਥਿਕ ਅਤੇ ਸਮਾਜਿਕ ਤਬਦੀਲੀਆਂ ਦਾ ਸ਼ਿਕਾਰ ਹੋਣ ਤੋਂ ਬਚ ਨਹੀਂ ਸਕਦਾ। ਅੱਜਕੱਲ੍ਹ ਵੀ ਅਮਰੀਕਾ ਕੈਨੇਡਾ ਵਿਚ ਦੇਸੋਂ ਆ ਰਹੇ ਪ੍ਰਵਾਸੀ ਆਰਥਿਕ ਅਤੇ ਸਮਾਜਿਕ ਝਮੇਲਿਆਂ ਦਾ ਸਾਹਮਣਾ ਕਰ ਰਹੇ ਹਨ।ਕੈਨੇਡਾ-ਅਮਰੀਕਾ ਵਿਚ ਆਉਣ ਵਾਲੇ ਇਕ ਉਹ ਨੌਜਵਾਨ ਹਨ, ਜੋ ਦਲਾਲਾਂ ਦੇ ਰਾਹੀਂ ਲੱਖਾਂ ਰੁਪਏ ਦੇ ਕੇ ਰਾਹਾਂ ਵਿਚ ਪੈਂਦੇਦੇਸ਼ਾਂ ਦੇ ਹੱਦ-ਬੰਨ੍ਹੇ ਚੋਰੀ ਰਾਤਾਂ ਨੂੰ ਲੁਕ-ਲੁਕ ਕੇ ਲੰਘਦੇ ਹਨ। ਇਸ ਰਸਤੇ ਕਈ-ਕਈ ਮਹੀਨੇ ਉਨ੍ਹਾਂ ਨੂੰ ਲੁਕ-ਲੁਕ ਕੇ ਰਹਿਣ ਦੇ ਅਭਿਆਸ ਕਰਨਾ ਪੈਂਦਾ ਹੈ। ਬਹੁਤੇ ਅੱਧ ਵਿਚਾਲਿਓਂ ਹੀ ਫੜੇ ਜਾਣ ਕਰਕੇ ਵਾਪਸ ਘਰ ਪੁੱਜ ਜਾਂਦੇ ਹਨ ਅਤੇ ਕੁਝ ਕੈਨੇਡਾ-ਅਮਰੀਕਾ ਪੁੱਜ ਕੇ ਗੈਰਕਾਨੂੰਨੀ ਰਹਿਣ ਦੇ ਸਹਿਮ ਪਰਛਾਵੇਂ ਹੇਠ ਦਿਨ-ਕਟੀ ਕਰਨ ਲੱਗ ਪੈਂਦੇ ਹਨ। ਉਨ੍ਹਾਂ ਦਾ ਦਲਾਲਾਂ ਨਾਲ ਠੇਕਾ ਸਿਰਫ ਕੈਨੇਡਾ ਜਾਂ ਅਮਰੀਕਾ ਦੀ ਜੂਹ ਅੰਦਰ ਦਾਖਲ ਕਰਨ ਦਾ ਹੁੰਦਾ ਹੈ। ਇਮੀਗਰੇਸ਼ਨ ਲੈਣ ਲਈ ਉਨ੍ਹਾਂ ਨੂੰਆਪ ਤਰਲੋ-ਮੱਛੀ ਹੋਣਾਂ ਪੈਂਦਾ ਹੈ। ਉਹ ਚੋਰ ਹੋਣ ਕਰਕੇ ਲਾਲਚੀ ਕੰਮ ਮਾਲਕਾਂ ਦੇ ਗੁਲਾਮ ਹੋ ਕੇ ਗੁਜ਼ਾਰੇ ਜੋਗੇ ਪੈਸੇ ਕਮਾਉਂਦੇ ਹਨ। ਇਮੀਗਰੇਸ਼ਨ ਲੈਣ ਲਈ ਘਟੀਆ ਕਿਸਮ ਦੀਆਂ ਔਰਤਾਂ ਨਾਲ ਵਿਆਹ ਰਚਾ ਕੇ ਝੱਟ ਟਪਾਉਣ ਲੱਗ ਪੈਂਦੇ ਹਨ ਮਤਲਬ ਪੂਰਾ ਹੋ ਜਾਣ ਤੇ ਤਲਾਕ ਦੇ ਦਿੰਦੇ ਹਨ ਅਤੇ ਪੰਜਾਬ ਫੇਰੀ ਮਾਰ ਕੇ ਉਥੋਂ ਸੁੰਦਰ ਤੇ ਪੜ੍ਹੀਆਂ-ਲਿਖੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਉਨ੍ਹਾਂ ਨੂੰ ਵੀ ਪ੍ਰਵਾਸੀਪੁਣੇ ਦੇ ਕੰਡਿਆਲੇ ਰਸਤਿਆਂ ਤੇ ਪਾ ਲੈਂਦੇ ਹਨ।ਦੂਜੀ ਕਿਸਮ ਦੇ ਪ੍ਰਵਾਸੀ ਇੱਥੇ ਆ ਵਸੇ ਧੀਆਂ-ਪੁੱਤਰਾਂ ਦੇ ਮਾਂ-ਬਾਪ ਜਾਂ ਛੋਟੇ ਭੈਣ-ਭਰਾ ਹਨ। ਇਸ ਸ਼੍ਰੇਣੀ ਦੇ ਪ੍ਰਵਾਸੀ ਵੀ ਇੱਥੇ ਆ ਕੇ ਆਰਥਿਕ ਅਤੇ ਸਮਾਜਿਕ ਤਬਦੀਲੀ ਦੇ ਅਕਸ ਦਾ ਜ਼ਰੂਰ ਝਟਕਾ ਮਹਿਸੂਸ ਕਰਦੇ ਹਨ। ਇੱਥੇ ਆ ਚੁੱਕੇ ਧੀਆਂ-ਪੁੱਤਰਾਂ ਦੇ ਪਿੱਛੇ ਰਹਿੰਦੇ ਮਾਂ-ਬਾਪ ਦੀ ਵਾਰ-ਵਾਰ ਆਪਣੇ ਬੱਚਿਆਂ ਨੂੰ ਤਾਕੀਦ ਹੁੰਦੀ ਹੈ ਕਿ ਉਹ ਉਨ੍ਹਾਂ ਨੂੰ ਅਤੇ ਉਨ੍ਹਾਂ ਨਾਲ ਆ ਸਕਣ ਵਾਲੇ ਨਾਬਾਲਗ ਭੈਣ-ਭਰਾਵਾਂ ਨੂੰ ਛੇਤੀ ਮੰਗਵਾ ਲੈਣ। ਕੈਨੇਡਾ ਵਿਚ ਤਿੰਨ ਸਾਲ ਰਹਿਣ ਨਾਲ ਹਰ ਪ੍ਰਵਾਸੀ ਆਪਣੇਦੇਸ਼ ਦੀ ਸ਼ਹਿਰੀਅਤ ਛੱਡ ਕੇ ਕੈਨੇਡੀਅਨ ਸ਼ਹਿਰੀਅਤ ਲੈ ਸਕਦਾ ਹੈ। ਕੈਨੇਡੀਅਨ ਸ਼ਹਿਰੀ ਆਪੋ-ਆਪਣੇ ਮਾਂ ਬਾਪ ਤੇ ਉਨ੍ਹਾਂ ਉਤੇ ਨਿਰਭਰ ਕਰਨ ਵਾਲੇ ਉਨ੍ਹਾਂ ਦੇ ਬੱਚਿਆਂ ਨੂੰ ਮੰਗਵਾਉਣ ਲਈ ਅਰਜ਼ੀ ਦੇਣ ਯੋਗ ਹੋ ਜਾਂਦਾ ਹੈ। ਬਹੁਤ ਸਾਰੇ ਇੱਥੇ ਆ ਕੇ ਵਸੇ ਲੜਕੇ ਤੇ ਲੜਕੀ ਦੋਹਾਂ ਦੇ ਮਾਂ-ਬਾਪ ਹਿੰਦੁਸਤਾਨ ਹੀ ਹੁੰਦੇ ਹਨ। ਦੋਹਾਂ ਪਰਿਵਾਰਾਂ ਨੂੰ ਮੰਗਵਾਉਣਾ ਵਿਆਹੇ ਜੋੜੇ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਕੈਨੇਡਾ ਰਹਿਣੀ-ਬਹਿਣੀ ਅਤੇ ਕੁਦਰਤੀ ਵਾਤਾਵਰਨ ਦੇ ਪੱਖੋਂ ਦੁਨੀਆਂ ਵਿਚ ਅੱਵਲ ਦਰਜੇ ਦਾ ਦੇਸ਼ ਗਿਣਿਆ ਜਾਂਦਾ ਹੈ, ਜਿਵੇਂ ਸਿਆਣਿਆਂ ਦਾ ਕਥਨ ਹੈ ਕਿ ਖੂਹ ਦੀ ਮਿੱਟੀ ਖੂਹ ਨੂੰ ਹੀ ਲੱਗ ਜਾਂਦੀ ਹੈ, ਇਸੇ ਤਰ੍ਹਾਂ ਇੱਥੇ ਦੀ ਕਮਾਈ ਨਾਲ ਲੋੜ ਪੂਰਤੀ ਹੀ ਹੁੰਦੀ ਹੈ, ਬੱਚਤ ਕੋਈ ਨਹੀਂ। ਮਕਾਨਾਂ ਦੀਆਂ ਕਿਸ਼ਤਾਂ, ਕੱਪੜਾ-ਲੀੜਾ, ਰੋਟੀ-ਪਾਣੀ ਤੇ ਹੋਰ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਪਤੀ ਪਤਨੀ ਦੋਹਾਂ ਨੂੰ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ। ਛੋਟੇ-ਛੋਟੇ ਬੱਚਿਆਂ ਨੂੰ ਬੱਚੇ ਸੰਭਾਲ ਕੇਂਦਰ ਵਿਚ ਸਵੇਰੇ ਛੱਡ ਕੇ ਜਾਣਾ ਅਤੇ ਸ਼ਾਮ ਨੂੰ ਸਮੇਂ ਸਿਰ ਲੈਣਾ ਪੈਂਦਾ ਹੈ। ਬਚਪਨ ਤੋਂ ਬੱਚੇ ਦਾ ਪਾਲਣ-ਪੋਸ਼ਣ ਮਾਂ ਦੇ ਰਾਹੀਂ ਨਾ ਹੋਣਾ ਸਿਰਫ ਪਰਿਵਾਰ ਲਈ ਹੀ ਨਹੀਂ, ਸਗੋਂ ਸਮਾਜ ਲਈ ਵੀ ਗਿਰਾਵਟ ਅਤੇ ਪਰਿਵਾਰਕ ਤਰੇੜ ਦਾ ਮੁੱਢ ਬਣਦਾ ਹੈ। ਦੇਸੋਂ ਮਾਂ-ਬਾਪ ਦੇ ਆਉਣ ਨਾਲ ਬੱਚਿਆਂ ਦੀ ਸੰਭਾਲ ਦਾ ਤਾਂ ਕੁਝ ਵਸੀਲਾ ਬਣ ਜਾਂਦਾ ਹੈ,ਪਰ ਮਾਂ-ਬਾਪ ਜੋ ਕੈਨੇਡਾ ਦੀ ਤਸਵੀਰ ਦਿਲ ਵਿਚ ਬਣਾ ਕੇ ਆਉਂਦੇ ਹਨ, ਉਹ ਉਨ੍ਹਾਂ ਨੂੰ ਦਿਸਦੀ ਨਹੀਂ। ਘਰ ਵਿਚ ਪੈਸੇ ਦੀ ਖੁੱਲ੍ਹ-ਡੁੱਲ੍ਹ ਦਾ ਨਾ ਹੋਣਾ, ਸੌਣ ਲਈ ਥਾਂ ਦੀ ਤੰਗੀ, ਬੱਚਿਆਂ ਦੇ ਵਤੀਰੇ ਵਿਚ ਫਰਕ, ਘਰ ਵਿਚ ਬੈਠੇ ਰਹਿਣ ਦੀ ਮਜ਼ਬੂਰੀ ਅਤੇ ਪਿੱਛੇ ਰਹੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦੀ ਯਾਦ ਆਏ ਬਜ਼ੁਰਗਾਂ ਲਈ ਨਿਰਾਸ਼ਤਾ ਦਾ ਕਾਰਨ ਬਣ ਜਾਂਦੇ ਹਨ। ਬੱਚਿਆਂ ਦੀ ਸੀਮਤ ਕਮਾਈ ਅਤੇ ਖਰਚਿਆਂ ਵਿਚ ਵਾਧਾ ਆਏ ਮਾਂ-ਬਾਪ ਲਈ ਹੋਰ ਵੀ ਚਿੰਤਾ ਬਣ ਜਾਂਦੀ ਹੈ। ਬੁਢੇਪੇ ਕਾਰਨ ਉਹ ਸਿਹਤ ਪੱਖੋਂ ਭਾਵੇਂ ਉਤਰਾਈ ਵੱਲ ਜਾ ਰਹੇ ਹੁੰਦੇ ਹਨ, ਪਰ ਫੇਰ ਵੀ ਖੇਤਾਂ ਵਿਚ ਕੰਮ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਦੇਸ਼ ਵਿਚ ਚੰਗੀਆਂ ਨੌਕਰੀਆਂ ਅਤੇ ਸਰਦਾਰੀਆਂ ਕਰਦੇ ਆਏ ਬਜ਼ੁਰਗਾਂ ਨੂੰ ਜਦ ਪੰਜਾਬ ਵਿਚ ਆਏ ਬਿਹਾਰੀਆਂ ਦੀ ਤਰ੍ਹਾਂ ਕੰਮ ਕਰਦੇ ਦੇਖੀਦਾ ਹੈ ਤਾਂ ਮਨ ਸੋਚਾਂ ਵਿਚ ਪੈ ਜਾਂਦਾ ਹੈ ਕਿ ਕੀ ਇਹ ਕੰਮ ਕਰਨਾ ਮਾਣ ਦੀ ਗੱਲ ਹੈ ਜਾਂ ਮਜ਼ਬੂਰੀ। ਉਨ੍ਹਾਂ ਬਜ਼ੁਰਗ ਖੇਤ ਕਾਮਿਆਂ ਨਾਲ ਗੱਲਾਂ-ਬਾਤਾਂ ਕਰਨ ਤੋਂ ਪਤਾ ਲੱਗਦਾ ਹੈ ਕਿ ਉਹ ਗਲ ਪਿਆ ਢੋਲ ਹੀ ਵਜਾ ਰਹੇ ਹਨ।ਹੁਣੇ-ਹੁਣੇ ਪੰਜਾਬੋਂ ਆਏ ਕੇਂਦਰੀ ਸਰਕਾਰ ਦੇ ਇਕ ਮਹਿਕਮੇ ਵਿਚ ਚੰਗੀ ਨੌਕਰੀ ਤੇ ਲੱਗੇ ਅਫਸਰ ਨੂੰ ਮਿਲਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੂੰ ਕੈਨੇਡਾ ਆ ਫਸਣ ਦੀ ਗੱਲ ਕਰਦੇ ਹੋਏ ਕਿਹਾ ਕਿ ਸ਼ਾਇਦ ਉਸ ਕੋਲੋਂ ਪਿਛਲੇ ਜਨਮ ਵਿਚ ਕੋਈ ਵੱਡੀ ਭੁੱਲ ਹੋ ਗਈ

Cont'd on page 35

ਐਬਟਸਫੋਰਡ ਐਲਡਰਗਰੋਵ ਅਤੇ ਮਿਸ਼ਨ ਦੇ ਨਿਵਾਸੀਆਂ ਲਈ ਖੁਸ਼ਖਬਰੀ!!
#106 - 2760 Gladwin Road, Abbotsford, B.C.
IN VENTURA PLAZA (Close to TD Bank on Gladwin)

Nice cuts
"Award Winning Stylists"
ਨਾਈਸ ਕੱਟਸ
"ਅਵਾਰਡ ਸਨਮਾਨਿਤ ਸਟਾਈਲਿਸਟਸ"

- HAIRCUTS (unisex) • ਹੇਅਰ ਕੱਟਸ (ਮਰਦਾਂ ਅਤੇ ਔਰਤਾਂ ਲਈ)
- COLOURS • ਕਲਰ
- PERMS • ਪਰਮ
- HIGHLIGHTS • ਹਾਈਲਾਈਟਸ
- THREADING • ਧਾਗਾ

ਖੁਲ ਗਿਆ
Now Open!

$2.00 OFF Haircuts
Reg. Kids $8
Adults $11

Grand Opening Special
$5.00 OFF Perms or Hi-Lights
Reg. $44.99

OPEN 7 DAYS A WEEK
Mon. - Sat. 9am - 7pm • Sunday 10am - 6pm
TEL: 604-855-6863
We accept Cash, Visa or Interact



Glory II ELECTROLYSIS & BEAUTY PARLOR
Christmas Sale

Specializing in:
Electrolysis
Esthetics
Nail Services
Hair Services
LADIES ONLY

New Arrivals:
Ladies Suits & Jewellery
ਅਸੀਂ ਲੇਡੀਜ਼ ਸੂਟ ਅਤੇ jewellery ਵੀ sell ਕਰਦੇ ਹਾਂ। ਤੁਸੀਂ ਫੈਸ਼ਨ fashion magazine ਵਿਚੋਂ ਦੇਖਕੇ ਸੂਟ ਵੀ order ਕਰ ਸਕਦੇ ਹੋ।

Glory II ELECTROLYSIS & BEAUTY PARLOR
Unit 3 - 2029 Cedar Park Place
Abbotsford, BC V2T 3S4

Please call for appointment 604-850-1050



ਤਾਇਆ ਵੈਨਕੂਵਰੀਆ ਕਾਰਨਰ

ਸੂਬੇਦਾਰ ਅਜਾਇਬ ਸਿੰਘ ਢਿਲੋਂ-ਪਿੰਡ ਮੈਹਿਰੋਂ (ਮੋਗਾ)

ਗੜਗੱਜ ਬੋਲੇ

ਭਾਗ-ਸ

(1)
ਬੇਹੀ ਰੋਟੀ ਤਾਈਂ ਮਿਠਾ ਪ੍ਰਸ਼ਾਦਾ ਜੀ।
ਸੁੱਕੀ ਰੋਟੀ ਖਾਕੇ, ਤਰ ਪਲਾਓ ਖਾਧਾ ਜੀ।
ਸਿਉ ਨੂੰ ਪੇਂਦੂ ਬੇਰ, ਇਕੋ ਜਿਹਾ ਅਹਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(2)
ਛਾਨਣੀ ਸਜਾਖੀ, ਡੇਲਿਆਂ ਨੂੰ ਬਦਾਨਾ ਜੀ।
ਬਾਜਰੇ ਨੂੰ ਆਖਦੇ ਐ, ਲੈਚੀ ਦਾਣਾ ਜੀ।
ਫਟਾ ਫਟ ਕਰ ਲੈਂਦੇ ਸੰਘੋਂ ਪਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(3)
ਕਛ ਨੂੰ ਕਛਹਿਰਾ, ਢਾਲ ਤਾਈਂ ਢਾਲਾ ਜੀ।
ਮੁਛ ਨੂੰ ਮਛਹਿਰਾ, ਦਾਲ ਤਾਈਂ ਦਾਲਾ ਜੀ।
ਚੱਟਨ ਪਲਾਓ, ਚਟਨੀ, ਅਚਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(4)
ਦਾੜ੍ਹੀ ਤਾਈਂ ਦਾੜ੍ਹਾ, ਭਾਜੀ ਤਾਈਂ ਭਾਜਾ ਜੀ।
ਚਿਖਾ ਕਾਠਗੜ, ਤੇ ਭੁੱਖੇ ਨੂੰ ਕਾਜਾ ਜੀ।
ਹੋਵੇ ਭੁੱਖ ਨਾਲ ਭਾਵੇਂ ਬੇਕਰਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(5)
ਦੁੱਧ ਤਾਈਂ ਆਖਦੇ ਸਮੁੰਦਰ ਪੀਤਾ ਜੇ।
ਚਿਤੌੜਗੜ ਤੋੜਿਆ, ਪੇਸ਼ਾਬ ਕੀਤਾ ਜੇ।
ਲੱਸੀ ਤਾਈਂ ਆਖਦੇ ਸਮੁੰਦਰ ਖਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(6)
ਸ਼ਰੱਰਾ ਛਡਿਆ ਐ, ਜੇ ਤਾਂ ਖੜ੍ਹ ਕੇ ਕਰੇ।
ਕਾਂਬਾ ਲੱਗੇ, ਸਰਦੌਣਾ(ਪਾਲਾ) ਮੁਠੀਆਂ ਭਰੇ।
ਠੰਡ ਕਰੀ ਰਖੇ ਭਾਵੇਂ ਅਵਾਜ਼ਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(7)
ਲੰਗੇ ਨੂੰ ਸੁਚਾਲਾ ਬਾਂਕੀ ਚਾਲ ਵਾਲਾ ਜੋ।
ਸਣ ਦੀ ਸੁੱਬੀ ਨੂੰ ਰੇਸ਼ਮ ਦਾ ਨਾਲਾ ਜੋ।
ਸੁਪਨੇ 'ਚ ਢਾਕੇ ਗੇੜਾ ਆਉਂਦੇ ਮਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(8)
ਪੌਣ ਇੰਦਰਾਣੀ, ਇੰਦਰ ਦੀ ਰਾਣੀ ਐ।
ਪਰਾਉਠਾ ਤਹਿਤੋੜ, ਕੈਂਚੀ ਮੂੰਹ ਤਾਣੀ ਐ।
ਬਕਰਾ ਚੌਟੰਗਾ, ਭਾਵ ਲੱਤਾਂ ਚਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(9)
ਜਾਣਾ ਜੇ ਪਾਖਾਨੇ ਤਾਂ ਮੈਦਾਨ ਮਾਰਨਾ।
ਗਾਜਰ ਨੂੰ ਗੋਬਿੰਦੀ ਸਦਦੇ ਪਿਆਰ ਨਾ।
ਸ਼ੌਕ ਨਾਲ ਖਾਂਦਾ ਸਾਰਾ ਸੰਸਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(10)
ਸ਼ੱਕਰ ਸਿਰਖਿੰਡੀ, ਬੈਂਗਨ ਇਕ ਟੰਗਾ ਬਟੇਰਾ ਜੀ।
ਕਹਿੰਦੇ ਖੋਦੀ ਦਾੜ੍ਹੀ ਵਾਲੇ ਨੂੰ ਲਵੇਰਾ ਜੀ।
ਭਾਵੇਂ ਉਹਦੀ ਕਢ ਸਕਦੇ ਨਾ ਧਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(11)
ਪੀਲਾਂ ਤਾਈਂ ਦਾਖਾਂ ਸੁਕੀਆਂ ਅਗੂਰੀਆਂ।
ਪਰਨਾ ਹੈ ਜਾਣੋ ਟਹਿਲੂਆ ਹਜ਼ੂਰੀਆਂ।
ਹਰ ਸਮੇਂ ਅਣਥੱਕ ਸੇਵਾਦਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(12)
ਪੰਜਵਾਂ ਘਿਉ ਤੇ ਛੇਵਾਂ ਤੇਲ ਬਾਕੀ ਐ।
ਮੋਚਨਾ ਹੈ ਜੜ ਪੁਟ, ਮਿਰਚ ਲੜਾਕੀ ਐ।
ਕਰਦੀ ਜੋ ਸੰਘੁ ਤਾਈਂ ਅਵਾਜ਼ਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(13)
ਹਲਦੀ ਨੂੰ ਕੇਸਰ, ਜੀਹਦਾ ਰੰਗ ਖੱਟਾ ਐ।
ਪਜਾਮੇ ਨੂੰ ਦੁਸਾਂਗਾ, ਖ਼ੁਰਚਨਾ ਪਲੱਟਾ ਐ।
ਏਸੇ ਤਾਈਂ ਲੋਕੀਂ ਆਖਦੇ ਵਸਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(14)
ਤੇਜਾ ਸਿਉਂ ਇੰਜਨ, ਰੇਲ ਗੱਡੀ ਭੂਤਨੀ।
ਸਿਰਗੁਮ, ਸਿਰ ਜਿਸਦਾ ਸਬੂਤ ਨੀ।
ਕੀਤਾ ਅੰਮ੍ਰਿਤ ਦਾ ਤ੍ਰਿਸਕਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ

ਭਾਗ-ਹ

(1)
ਪਿੱਪਲ ਤੇ ਪੰਮਾ, ਬ੍ਰਾਹਮਣ ਦਾ ਨਾਮ ਐ।
ਸਦਦੇ ਕੁਹਾੜੇ ਨੂੰ ਪਰਸ ਰਾਮ ਐ।
ਇਸੇ ਨਾਲ ਕੀਤਾ ਰਾਮ ਜੀ ਤੇ ਵਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(2)
ਭਰਥਰੀ ਸਦਾਵੇ ਹੋਵੇ ਸਾਨ੍ਹ ਜਾਂ ਢੱਟਾ।
ਹੁੱਕਾ ਪੀਣਾ ਖਾਲਸੇ ਦੀ ਸ਼ਾਨ ਨੂੰ ਵੱਟਾ।
ਹੁੱਕਾ ਪੀਣ ਵਾਲਾ ਕਹਿੰਦੇ ਨੜੀ ਮਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(3)
ਪੰਜ ਪੀਰੀਆ ਜੋ ਬਹੁਤੀਆਂ ਨੂੰ ਮੰਨੇ ਜੀ।
ਫੱਟੜ ਕਹਿਣ ਜੇ ਪ੍ਰਸ਼ਾਦਾ ਭੰਨੇ ਜੀ।
ਖੜ੍ਹਾ ਖਾਲਸਾ ਈ ਅਖੇ ਹੱਕਦਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(4)
ਗੰਢੇ ਤਾਈਂ ਕਹਿਣ ਰੁੱਪਾ ਪ੍ਰਸ਼ਾਦ ਐ!
ਜੰਡ ਦੀ ਫਲੀ ਜਲੇਬੀ ਕਿੰਨੀ ਸਵਾਦ ਐ!
ਲਸਨ ਲੌਂਗ ਚਿੜਾ ਕਰੇ ਮਾਰੋ ਮਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(5)
ਥਾਲੀ ਸੰਤੋਖੀ, ਸਬਰ ਦੇਣ ਵਾਲੀ ਐ।
ਦਿਆਲ ਕੌਰ ਕੜਛੀ ਦਿਆਲ ਬਾਹਲੀ ਐ।
ਹਾਤਮਤਾਈਂ ਵਰਗਾ ਈ ਕਿਰਦਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(6)
ਛਜ ਗੁਣਗਰਾਹੀ, ਚਾਕੂ ਕੋਤਵਾਲ ਐ।
ਡਿਗ ਪੈਣਗੇ ਤਾਂ ਕਹਿੰਦੇ ਮਾਰੀ ਛਾਲ ਐ।
ਇਹੋ ਜਿਹਾ ਤਮਾਸ਼ਾ ਕਰਦੇ ਬਾਰ ਬਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(7)
ਇਕ ਮਿੱਟੀ ਗੋਪੀ ਚੰਦਨ ਕਹਾਉਂਦੀ ਐ।
ਹਿੰਦੂ ਕੌਮ ਜਿਸਦਾ ਤਿਲਕ ਲਾਉਂਦੀ ਐ।
ਓਥੇ ਛੱਡੇ ਸੀ ਪਰਾਣ ਕ੍ਰਿਸ਼ਨ ਮਰਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(8)
ਗੋਪੀ ਚੰਦਨ ਰਖ ਲਿਆ ਨਾਮ ਲੇਪ(ਮਰਹਮ) ਦਾ।
ਟਿੱਪਣੀ ਕਰਨ ਤੋਂ ਕਦੇ ਨੀ ਝੇਪ ਦਾ।
ਸ਼ਰਾਬਖ਼ਾਨਾ ਅਖੇ ਠਾਕਰਦੁਆਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(9)
ਸ਼ਿਵਾਂ ਜੀਹਦਾ ਸਿਰ ਬਕਰੇ ਦਾ ਲਾਤਾ ਸੀ।
ਉਹੀ ਦਛ ਕਹਿ ਕੇ ਬੱਕਰਾ ਪਛਾਤਾ ਜੀ।
ਸੜ ਗੀ ਸੀ ਸਤੀ ਸ਼ਿਵ ਜੀ ਦੀ ਨਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(10)
ਹੁੱਕਾ, ਜਗਤ ਜੂਠ, ਕੱਟੇ ਤਾਈਂ ਹਾਥੀ ਐ।
ਵਿਸ਼ਨੂੰ ਦੀ ਮੂਰਤੀ ਜਗੰਨਾਥੀ ਐ।
ਜੀਹਦਾ ਪ੍ਰਸਾਦ ਸਭ ਨੂੰ ਸਵੀਕਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(11)
ਹਾਂਡੀ ਜਗੰਨਾਥੀ, ਜੀਹਦਾ ਭਾਵ ਦੇਗ ਲੈ।
ਸਾਰੇ ਛਕ ਲੈਂਦੇ ਐ ਬਿਨਾ ਦਰੇਗ ਲੈ।
ਅਧੂਰੀ ਰਹਿਗੀ ਮੂਰਤੀ ਸੀ ਵਿਚਕਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(12)
ਹੱਥਾਂ ਪੈਰਾਂ ਬਿਨਾ ਮੂਰਤੀ ਕਰੁੱਧ ਐ।
ਬਹੁਤੇ ਕਹਿੰਦੇ ਇਹ ਤਾਂ ਵਿਸ਼ਨੂੰ ਨੀ ਬੁੱਧ ਐ।
ਤਾਂਹੀ ਲੂਲਾ ਲੁੰਜਾ ਬੁੱਧ ਅਵਤਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(13)
ਮੋਟਰ ਨੱਕ ਵੱਢੀ, ਮੈਦਾ ਆਟਾ ਪੀਸੇ ਨੂੰ।
ਚੌਲ ਗਰੜੇ, ਦੀਦਾਰਾ ਸਿੰਘ ਸ਼ੀਸ਼ੇ ਨੂੰ।
ਨੇਤਰ ਮਸਾਲਾਂ ਗੁੱਝੇ ਇਕਰਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

(14)
ਏਨਾ ਕੁ ਸਬਕ ਦੇਣਾ ਸੀ ਗਾ ਲਾਜ਼ਮੀ।
ਬਾਹਲਾ ਖਾ ਕੇ ਹੋ ਨਾ ਜਾਵੇ ਬਦਹਜ਼ਮੀ।
ਬੋਲੇ ਭਾਵੇਂ ਹੋਰ ਵੀ ਤਾਂ ਬੇਸ਼ੁਮਾਰ ਐ।
ਦੇਖੋ ਹਰ ਬੋਲਾ ਕਿੰਨਾ ਮਜ਼ੇਦਾਰ ਐ।

" ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ-ਗੁਰੂ ਨਾਨਕ ਨੇ ਅਵਤਾਰ ਲਿਆ "

ਹਰਦਿਆਲ ਸਿੰਘ 'ਚੀਮਾ'

"[ਕੂਕ ਪਹੁੰਚ ਗਈ ਦਰਗਾਹਾਂ ਵਿੱਚ, ਜਦ ਧਰਤੀ ਮਾਂ ਕੁਰਲਾਈ ਸੀ,
ਮੈਂ ਹੋਰ ਜ਼ੁਲਮ ਨਹੀਂ ਸਹਿ ਸਕਦੀ, ਇੰਝ ਬਿਥਿਆ ਆਖ ਸੁਣਾਈ ਸੀ,
ਤਦ ਖ਼ੁਦਾ ਨੇ ਖ਼ੁਦ ਆ ਦੁਨੀਆਂ ਤੇ- ਬੰਦੇ ਦਾ ਜਾਮਾਂ ਧਾਰ ਲਿਆ।
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ - ਗੁਰੂ ਨਾਨਕ ਨੇ ਅਵਤਾਰ ਲਿਆ]"

ਸੱਪ ਨਾਲੋਂ ਵੀ ਵੱਧ ਜ਼ਹਿਰੀ ਸੀ, ਏਥੇ ਬੰਦਾ ਬੰਦੇ ਦਾ ਵੈਰੀ ਸੀ,
ਤਦ ਖ਼ੁਦਾ ਨੇ ਖ਼ੁਦ ਆ ਦੁਨੀਆਂ ਤੇ - ਬੰਦੇ ਦਾ ਜਾਮਾਂ ਧਾਰ ਲਿਆ!
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ - ਗੁਰੂ ਨਾਨਕ ਨੇ ਅਵਤਾਰ ਲਿਆ।

ਜਦ ਜ਼ਾਲਮਾਂ ਲੁੱਟ ਮਚਾਈ ਸੀ, ਤਦ ਧਰਤੀ ਮਾਂ ਕੁਰਲਾਈ ਸੀ,
ਮਿੱਟੀ ਧੁੰਦ ਜੱਗ ਚਾਨਣ ਹੋਇਆ ਤੇ ਧਰਤੀ ਦੇ ਸਿਰ ਤੋਂ ਭਾਰ ਲਿਹਾ!
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ- ਗੁਰੂ ਨਾਨਕ ਨੇ ਅਵਤਾਰ ਲਿਆ।

ਕਾਲੂ ਜੀ ਲਾਡ ਲਡਾਇਆ ਸੀ, ਤ੍ਰਿਪਤਾ ਨੇ ਸੀਰ ਚੁੰਘਾਇਆ ਸੀ।

ਆਇਆ ਪਾਉਣ ਜਨੇਊ ਪੰਡਤ ਜੀ - ਬਾਲਕ ਦੀਆਂ ਨਜ਼ਰਾਂ ਤਾੜ ਗਿਆ!
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ - ਗੁਰੂ ਨਾਨਕ ਨੇ ਅਵਤਾਰ ਲਿਆ।

ਕਈ ਗਰਮ ਕੜਾਹੇ ਠਾਰੇ ਸੀ, ਕੌਡੇ ਰਾਖਸ਼ ਵਰਗੇ ਤਾਰੇ ਸੀ।
ਜੰਗਲਾਂ ਵਿਚ ਮੰਗਲ ਲਾ ਲਾ ਕੇ - ਡੁੱਬਦੇ ਹੋਏ ਜੱਗ ਨੂੰ ਤਾਰ ਗਿਆ!
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ - ਗੁਰੂ ਨਾਨਕ ਨੇ ਅਵਤਾਰ ਲਿਆ।

ਕਈ ਪਾਪੀ ਰਾਹੇ ਪਾਏ ਸੀ, ਠੱਗਾਂ ਤੋਂ ਭਗਤ ਬਣਾਏ ਸੀ,
ਜਦ ਪੱਥਰ ਰੋਕਿਆ ਪੰਜੇ ਤੇ - ਸੀ ਸੋਚਾਂ ਵਿਚ ਸੰਸਾਰ ਪਿਆ!
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ- ਗੁਰੂ ਨਾਨਕ ਨੇ ਅਵਤਾਰ ਲਿਆ

"ਵਹਿਣੀ ਵਾਲਿਆ" ਸੀਸ ਨਵਾਉਂਦਾ ਏ, 'ਸਿਆਟਲ' ਸਾਰਾ ਖ਼ੁਸ਼ੀ ਮਨਾਉਂਦਾ ਏ,
ਉਥੇ 'ਦਿਆਲ' ਬਦਲਗੀਆਂ ਤਕਦੀਰਾਂ - ਬਹਿ ਜਿੱਥੇ ਸਤ ਕਰਤਾਰ ਗਿਆ!
ਜਦ ਕਲਯੁੱਗ ਜ਼ੋਰਾਂ ਤੇ ਸੀ ਫਿਰ - ਗੁਰੂ ਨਾਨਕ ਨੇ ਅਵਤਾਰ ਲਿਆ।

ਵਹਿੰਗੀ

ਸੁਰਜੀਤ 'ਪਾਤਰ'

ਕੀ ਪੁੱਛਦਾ ਏਂ ਦੀਵੇ ਵੇ ਪੁੱਤਰਾ,
ਏਥੇ ਦਿਸਣ ਨਾ ਕਿਧਰੇ ਤਾਰੇ,
ਚੰਨ ਤੇ ਸੂਰਜ ਮੰਗਦੇ ਫਿਰਦੇ,
ਕਿਰਨਾ ਦੁਆਰੇ ਦੁਆਰੇ।
ਅਹਿ ਲੈ ਚੁੱਕ ਲੈ ਸਰਵਣਾ ਵੇ,
ਚੁੱਕ ਲੈ ਚੰਨ ਸੂਰਜ ਦੀ ਵਹਿੰਗੀ।
ਚੰਨ ਤੇ ਸੂਰਜ ਅੰਧਲੇ ਹੋ ਗਏ,
ਗੰਗਾ ਦੇ ਜਲ ਗੰਧਲੇ ਹੋ ਗਏ,
ਸਾਰੇ ਚਾਨਣ ਧੁੰਦਲੇ ਹੋ ਗਏ,
ਬਸ ਇਕ ਲੋਅ ਸਿਵਿਆਂ ਦੀ ਰਹਿ ਗਈ,
ਜੋ ਨਿਤ ਜਗਦੀ ਰਹਿੰਦੀ।
ਕਿਸ ਪਾਪੀ ਰਾਜੇ ਦਾ ਪਹਿਰਾ,
ਧੁੰਦ ਗੁਬਾਰ ਚੁਫੇਰੇ ਗਹਿਰਾ,

ਦਿਸੇ ਨਾ ਕੋਈ ਰਾਹ ਖਹਿੜਾ
ਸੂਰਜ ਚੜਿਆ ਦਿਨ ਨਾ ਚੜਦਾ
ਰਾਤ ਹਮੇਸ਼ਾ ਰਹਿੰਦੀ।
ਹੁਣ ਜੋ ਰਾਜੇ ਤੀਰ ਚਲਾਉਣਾ
ਸ਼ਿਸਤ ਲਗਾ ਤੇਰੇ ਵਲ ਆਉਣਾ
ਭੁੱਲ ਬਖਸ਼ਾਉਣ ਕਿਸੇ ਨਾ ਆਉਣਾ
ਹੁਕਮ ਸੁਨਾਉਣਾ: ਏਥੇ ਮੈਲੀ
ਰਤ ਨਦੀ ਵਿਚ ਵਹਿੰਦੀ।
ਬਾਲਾਂ ਦੀ ਮੁਸਕਾਣ ਦਿਖਾਵੇ
ਹਾਣ ਨੂੰ ਮਿਲਦਾ ਹਾਣ ਦਿਖਾਵੇ
ਮਿਹਰ ਮੁਸੱਕਤ ਮਾਣ ਦਿਖਾਵੇ
ਇਹ ਨੇ ਅਜ ਦੇ ਤੀਰਥ ਜੱਗ ਦੇ
ਦੀਦ ਇਨ੍ਹਾਂ ਦੀ ਮਹਿੰਗੀ।

Cont'd from page 32

ਸੀ, ਜਿਸ ਦੀ ਸਜ਼ਾ ਉਸ ਨੂੰ ਹੁਣ ਪ੍ਰਭੂ ਵੱਲੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਵਿਚ ਉਹ ਤੇ ਉਸਦਾ ਪੁੱਤਰ ਦੋ ਵੱਖਰੀਆਂ ਕਾਰਾਂ ਰੱਖਦੇ ਸਨ ਅਤੇ ਵਧੀਆ ਕੋਠੀ ਵਿਚ ਰਹਿੰਦੇ ਸਨ। ਉਸ ਨੇ ਦੱਸਿਆ ਕਿ ਉਸ ਦਾ ਪੁੱਤਰ ਇੱਥੇ ਇਕ ਹੋਟਲ ਵਿਚ ਭਾਂਡੇ ਧੋਣ ਦਾ ਕੰਮ ਕਰਦਾ ਹੈ ਅਤੇ ਉਹ ਆਪ ਤੇ ਉਸਦੀ ਪਤਨੀ ਇਕ ਬੇਸਮਿੰਟ ਵਿਚ ਬੈਠੇ ਸਾਰਾ ਦਿਨ ਦੇਸ਼ ਤੇ ਕੈਨੇਡਾ ਦੇ ਜੀਵਨ ਦਾ ਮੁਕਾਬਲਾ ਕਰਦੇ ਰਹਿੰਦੇ ਹਾਂ। ਜਦ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕੈਨੇਡਾ ਆਏ ਕਿਉਂ", ਤਾਂ ਉਨ੍ਹਾਂ ਦਾ ਜਵਾਬ ਸੀ ਕਿ ਅਖ਼ਬਾਰਾਂ ਵਿਚ ਕੈਨੇਡਾ ਦੀ ਰਹਿਣੀ-ਬਹਿਣੀ ਅਤੇ ਚੰਗੇ ਵਾਤਾਵਰਨ ਬਾਰੇ ਕਈ ਵਾਰ ਪੜ੍ਹਨ ਕਰਕੇ ਮਨ ਇੱਥੇ ਆਉਣ ਲਈ ਉਤਾਵਲਾ ਹੋ ਜਾਂਦਾ ਸੀ। ਉਨ੍ਹਾਂ ਨੇ ਦੱਸਿਆ ਕਿ ਇੱਥੋਂ ਵਾਪਸ ਗਏ ਬੰਦਿਆਂ ਦਾ ਦਿਖਾਵਾ ਉਥੋਂ ਦੇ ਰਹਿਣ ਵਾਲਿਆਂ ਨੂੰ ਇੱਥੇ ਆਉਣ ਲਈ ਬਹੁਤ ਉਕਸਾਹਟ ਕਰਦਾ ਹੈ। ਉਹ ਕਿਵੇਂ? ਪੁੱਛੇ ਜਾਣ ਤੇ ਉਨ੍ਹਾਂ ਨੇ ਕਿਹਾ ਕਿ ਜਦ ਕੋਈ ਇੱਥੋਂ ਨੌਜਵਾਨ ਦੇਸ਼ ਜਾਂਦਾ ਹੈ ਤਾਂ ਉਸਦੇ ਗੁੱਟ ਤੇ ਸੋਨੇ ਦਾ ਭਾਰੀ ਕੰਗਣ ਗਲ ਵਿਚ ਸੋਨੇ ਦੀ ਮੋਟੀ ਸੰਗਲੀ ਅਤੇ ਉਂਗਲਾਂ ਮੁੰਦੀਆਂ ਨਾਲ ਭਰੀਆਂ ਪਈਆਂ ਹੁੰਦੀਆਂ ਹਨ। ਉਨ੍ਹਾ ਕੈਨੇਡੀਅਨਾਂ ਵੱਲ ਦੇਖ ਕੇ ਲੋਕ ਸੋਚਣ ਲੱਗ ਪੈਂਦੇ ਹਨ ਕਿ ਹਿੰਦੁਸਤਾਨ ਵਿਚ ਚੰਗੀ ਕਮਾਈ ਵਾਲੇ ਵੀ ਸੋਨਾ ਖਰੀਦਣ ਤੋਂ ਅਸਮਰੱਥ ਹੁੰਦੇ ਹਨ, ਪਰ ਕੈਨੇਡੀਅਨ ਸੋਨੇ ਨਾਲ ਲੱਦੇ ਫਿਰਦੇ ਹਨ। ਉਨ੍ਹਾਂ ਵੱਲ ਦੇਖ ਕੇ ਸੋਚਣ ਲੱਗ ਪੈਂਦੇ ਹਨ ਕਿ ਕੈਨੇਡਾ ਵਿਚ ਸਿਰਫ ਪੌਦਿਆਂ ਨੂੰ ਫਲ-ਫਰੂਟ ਹੀ ਨਹੀਂ ਲੱਗਦਾ, ਸਗੋਂ ਪੈਸੇ ਵੀ ਦਰੱਖਤਾਂ ਨੂੰ ਲੱਗਦੇ ਹਨ। ਕੈਨੇਡਾ-ਅਮਰੀਕਾ ਵਿਚ ਪੰਜਾਬੋਂ ਸੁੰਦਰ-ਸੁਸ਼ੀਲ ਅਤੇ ਐਮ.ਏ. ਤੱਕ ਪੜੀਆਂ ਲਿਖੀਆਂ ਕੁੜੀਆਂ, ਜੋ ਕੈਨੇਡੀਅਨ ਅਤੇ ਅਮਰੀਕਨ ਲਾੜਿਆਂ ਦੇ ਲੜ ਲੱਗ ਕੇ ਇੱਥੇ ਆਈਆਂ ਹੋਈਆਂ ਹਨ, ਨੂੰ ਜਦ ਕਾਰਖਾਨਿਆਂ,ਹੋਟਲਾਂ, ਖੇਤਾਂ, ਵੱਡੀਆਂ-ਵੱਡੀਆਂ ਬਿਲਡਿੰਗਾਂ ਅਤੇ ਹਵਾਈ ਅੱਡਿਆਂ ਉਤੇ ਸਫਾਈ ਆਦਿ ਦਾ ਕੰਮ ਕਰਨ ਬਾਰੇ ਸੁਣੀਂਦਾ ਤੇ ਦੇਖੀਦਾ ਹੈ ਤਾਂ ਮਨ ਦੀ ਅਵੱਸਥਾ ਸਮਾਜਿਕ ਤਬਦੀਲੀਆਂ ਦੀ ਘੁੰਮਣ-ਘੇਰੀ ਵਿਚ ਜਾ ਫਸਦੀ ਹੈ।ਪੰਜਾਬ ਵਿਚ ਬਿਜਲੀ ਮਹਿਕਮੇ ਨਾਲ ਸੰਬੰਧਤ ਇਕ ਐਸ.ਡੀ.ਓ. ਸੱਜਣ ਨੂੰ ਮਿਲਣ ਦਾ ਮੌਕਾ ਮਿਲਿਆ। ਉਨ੍ਹਾਂ ਦੱਸਿਆ ਕਿਉਹ ਭਾਰਤ ਤੋਂ ਕੈਨੇਡੀਅਨ ਦਫਤਰ ਦੇ ਰਾਹੀਂ ਆਪਣੀ ਯੋਗਤਾ ਦੇ ਆਧਾਰ ਤੇ ਇਮੀਗਰੇਸ਼ਨ ਲੈ ਕੇ ਆਇਆ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਥੇ ਕੋਈ ਵੀ ਕੰਮ ਉਨ੍ਹਾਂ ਦੇ ਕਿੱਤੇ ਨਾਲ ਸੰਬੰਧਤ ਨਾ ਮਿਲਣ ਕਰਕੇ ਉਹ ਬਹੁਤ ਹੀ ਮਾਯੂਸ ਹੋਏ ਹਨ। ਉਨ੍ਹਾਂ ਦੇ ਦੱਸਣ ਮੁਤਾਬਿਕ ਉਹ ਇੱਥੇ ਰਹਿਣ ਦਾ ਕਿਰਾਇਆ ਵੀ ਪੰਜਾਬ ਵਿਚ ਭਰਦੇ ਰਹੇ ਹਨ। ਉਨ੍ਹਾਂ ਦੀ ਪਤਨੀ ਇਕਕਾਰਖਾਨੇ ਵਿਚ ਕੰਮ ਕਰਕੇ ਘਰ ਦੀ ਰੋਟੀ-ਪਾਣੀ ਦਾ ਖਰਚ ਪੂਰਾ ਕਰਦੀ ਰਹੀ ਹੈ। ਇੱਥੋਂ ਦੇ ਜੀਵਨ ਬਾਰੇ ਮੇਰੇ ਨਾਲ ਗੱਲਬਾਤ ਕਰਦੇ ਹੋਏ ਉਸ ਸੁਖਮ ਅਤੇ ਨਿਮਰਤਾ-ਭਰਪੂਰ ਸੁਭਾਅ ਦੀ ਔਰਤ ਨੇ ਮੈਨੂੰ ਦੱਸਿਆ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਸੂਈ ਦੇ ਨੱਕੇ ਵਿਚ ਦੀ ਲੰਘਾਉਣ ਵਾਲੀ ਗੱਲ ਕੀਤੀ ਹੈ।ਕੁਝ ਚਿਰ ਹੋਇਆ ਤਾਂ ਵੈਨਕੂਵਰ ਵਿਚ ਸੁਸ਼ਮਾ ਸਰਦਾਨਾਂ ਵੱਲੋਂ ਚਲਾਏ ਜਾ ਰਹੇ ਟੀ.ਵੀ.ਸ਼ੋਅ ਵਿਚ ਕੁਝ ਬੁੱਧੀਜੀਵੀਆਂ ਨਾਲਪਰਿਵਾਰਕ ਤਸ਼ੱਦਦ ਬਾਰੇ ਗੱਲਬਾਤ ਕਰਨ ਲਈ ਮੈਂ ਟੀ.ਵੀ. ਦੇ ਪਰਦੇ ਉਤੇ ਹਾਜ਼ਰ ਹੋਇਆ ਸਾਂ। ਕੁਝ ਵਿਚਾਰ ਦੱਸੇ ਤੇ ਕਿਹਾ ਕਿ ਜੇ ਸਮਾਂ ਮਿਲਿਆ ਤਾਂ ਘਰੇਲੂ ਝਗੜਿਆਂ ਦੀ ਰੋਕ ਬਾਰੇ ਹੋਰ ਵੀ ਆਪਣੇ ਵਿਚਾਰ ਦੱਸਾਂਗਾ। ਉਸ ਤੋਂ ਦੂਜੇ ਦਿਨ ਹੀ ਇਕ ਬਜ਼ੁਰਗ ਦਾ ਫੋਨ ਆ ਗਿਆ ਕਿ ਜੋ ਕੁਝ ਮੈਂ ਟੀ.ਵੀ. ਉਤੇ ਕਿਹਾ, ਉਹ ਉਸ ਨੂੰ ਚੰਗਾ ਲੱਗਾ ਸੀ ਅਤੇ ਉਹ ਮੈਨੂੰ ਮਿਲ ਕੇ ਆਪਣੇ ਦੁੱਖੜੇ ਮੇਰੇ ਨਾਲ ਸਾਂਝੇ ਕਰਨਾ ਚਾਹੁੰਦਾ ਹੈ। ਮੈਂ ਉਸ ਨੂੰ ਸਮਾਂ ਦਿੱਤਾ ਤੇ ਉਹ ਆਇਆ। ਉਹ ਮੇਰੇ ਸਾਹਮਣੇ ਬੈਠਾ ਮੈਨੂੰ ਦੱਸ ਰਿਹਾ ਸੀ ਕਿ ਉਸ ਦੀਆਂ ਦੋ ਲੜਕੀਆਂ ਹੀ ਹਨ ਤੇ ਮੁੰਡਾ ਕੋਈ ਨਹੀਂ। ਆਪਣੀ ਕਹਾਣੀ ਦੱਸਦੇ ਹੋਏ ਉਸ ਨੇ ਕਿਹਾ ਕਿ ਚਾਰ ਕੁ ਸਾਲ ਪਹਿਲਾਂ ਇਕ ਲੜਕਾ ਕੈਨੇਡਾ ਤੋਂ ਗਿਆ ਤਾਂ ਕੁਝ ਰਿਸ਼ਤੇਦਾਰਾਂ ਅਤੇ ਲੜਕੇ ਦੀਆਂ ਗੱਲਾਂ ਵਿਚ ਆ ਕੇ ਉਸਨੇ ਆਪਣੀ ਲੜਕੀ ਦਾ ਰਿਸ਼ਤਾ ਉਸ ਨਾਲ ਕਰ ਦਿੱਤਾ। ਉਸ ਦੇ ਦੱਸਣ ਮੁਤਾਬਿਕ ਉਸ ਕੋਲ ਖੇਤੀਬਾੜੀ ਦੀ ਕਮਾਈ ਚੋਂ ਬਚੇ ਚਾਰ ਕੁ ਲੱਖ ਰੁਪਏ ਜਮ੍ਹਾਂ ਪਏ ਸਨ। ਲੜਕੀ ਕੈਨੇਡਾ ਪੁੱਜ ਗਈ ਤੇ ਜਵਾਈ ਨੇ ਪਿੰਡ ਚਿੱਠੀ ਪਾਈ ਕਿ ਭਾਪਾ ਜੀ ਤੁਹਾਨੂੰਇੱਥੇ ਮੰਗਵਾਉਣ ਲਈ ਛੇਤੀ ਹੀ ਅਰਜੀ ਦੇ ਰਹੇ ਹਾਂ ਅਤੇ ਮੇਰੇ ਭਰਾ ਨੂੰ ਪਿੰਡ ਪੈਸਿਆਂ ਦੀ ਖਾਸ ਜ਼ਰੂਰਤ ਪੈ ਗਈ ਹੈ, ਉਸ ਨੂੰ ਡੇਢ ਕੁ ਲੱਖ ਰੁਪਈਆ ਪੁੱਜਦਾ ਕਰ ਦਿਓ। ਉਨ੍ਹਾ ਦੇ ਦੱਸਣ ਮੁਤਾਬਿਕ ਕੁਝ ਸਮਾਂ ਪਾ ਕੇ ਉਹ ਬਜ਼ੁਰਗ ਤੇ ਉਸਦੀ ਪਤਨੀਅਤੇ ਛੋਟੀ ਲੜਕੀ ਆਪਣਾਂ ਖਰਚ ਕਰਕੇ ਇੱਥੇ ਪੁਜ ਗਏ। ਉਨ੍ਹਾਂ ਨੇ ਦੱਸਿਆ ਕਿ ਕੁਝ ਚਿਰ ਉਹ ਆਪਣੀ ਲੜਕੀ ਕੋਲ ਰਹੇ ਅਤੇ ਘਰੇਲੂ ਝਗੜੇ ਕਾਰਨ ਉਨ੍ਹਾਂ ਨੂੰ ਉਸ ਘਰ ਤੋਂ ਬਾਹਰ ਕੱਢ ਦਿੱਤਾ ਗਿਆ। ਉਹ ਛੋਟੀ ਲੜਕੀ ਨੂੰ ਵਾਪਸ ਦੇਸ਼ ਲੈ ਗਏ ਜੋ ਉਸ ਦੀ ਬੱਚਤ ਸੀ, ਉਸ ਨਾਲ ਉਸ ਦਾ ਵਿਆਹ ਕਰ ਆਇਆ ਅਤੇ ਉਸ ਨੇ ਦੱਸਿਆ ਕਿ ਹੁਣ ਉਹ ਤੇ ਉਸਦੀ ਪਤਨੀ ਖੇਤਾਂ ਵਿਚ ਕੰਮ ਕਰਕੇ ਕਿਸੇ ਦੀ ਬੇਸਮਿੰਟ ਵਿਚ ਆਪਣਾ ਘਰ ਬਣਾਈ ਬੈਠੇ ਹਨ। ਦੇਸੋਂ-ਪ੍ਰਦੇਸ ਆਉਣ ਦੇ ਪੁਆੜੇ ਦੀ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਹੁਣ ਉਹ ਨਾ ਘਰ ਦਾ ਤੇ ਨਾ ਘਾਟ ਦਾ ਰਿਹਾ ਹੈ।

ਅਜੋਕਾ ਯੋਗ ਮਨੁੱਖ ਜੀਵਨ ਦਾ ਫਰਾਟੇ ਮਾਰ ਤੇ ਤੇਜ਼ ਰਫਤਾਰ ਦਾ ਸਮਾਂ ਹੈ। ਇਸ ਦੌੜ ਨਾਲ ਸਾਡੇ ਭਾਈਚਾਰੇ ਵਿਚ "ਤੂੰ ਕੌਣ ਤੇ ਮੈਂ ਕੌਣ" ਜਾਂ "ਤੇਰੀ ਮੇਰੀ ਨਹੀਂ ਨਿਭਣੀ" ਦਾ ਬਹੁਤ ਬੋਲਬਾਲਾ ਹੋ ਰਿਹਾ ਹੈ। ਬਹੁਤ ਸਾਰੇ ਜੋੜਿਆਂ ਵਿਚ "ਤੇਰੀ ਮੇਰੀਨਹੀਂ ਨਿਭਣੀ" ਦਾ ਮੁੱਖ ਕਾਰਨ ਵੀ ਇਮੀਗਰੇਸ਼ਨ ਦੀ ਜੜ੍ਹ ਹੀ ਹੁੰਦਾ ਹੈ। ਕੁਝ ਚਿਰ ਕੈਨੇਡਾ ਰਹਿ ਕੇ ਜਦ ਕੋਈ ਲੜਕੀ ਵਾਪਸ ਦੇਸ਼ ਵਿਆਹ ਕਰਵਾਉਣ ਲਈ ਜਾਂਦੀ ਹੈ ਤਾਂ ਉਥੋਂ ਦੇ ਚੰਗੇ ਪੜ੍ਹੇ-ਲਿਖੇ ਤੇ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਇਹ ਦੇਖਦੇ ਹੋਏ ਵੀ ਕਿ ਲੜਕੀ ਉਸ ਨਾਲ ਅਤੇ ਉਸ ਦੇ ਖਾਨਦਾਨ ਨਾਲ ਮੇਲ ਨਹੀਂ ਖਾਂਦੀ ਤਾਂ ਵੀ ਕੈਨੇਡਾ ਆਉਣ ਦੀ ਖਾਹਿਸ਼ ਨਾਲ ਵਿਆਹਕਰਵਾ ਲੈਂਦੇ ਹਨ।

ਇਕ ਭਰੋਸੇਯੋਗ ਸੱਜਣ ਨੇ ਮੈਨੂੰ ਦੱਸਿਆ ਕਿ ਇੰਡੀਆ ਵਿਚ ਤਾਂ ਲੋਕ ਇੱਥੋਂ ਗਈ ਲੜਕੀ ਦੇ ਵਿਆਹ ਦਾ ਖਰਚ ਵੀ ਆਪਣੀਆਂ ਜੇਬਾਂ ਵਿਚੋਂ ਕਰ ਦਿੰਦੇ ਹਨ, ਕਿਉਂ ਕਿ ਉਨ੍ਹਾਂ ਦਾ ਮੁੰਡਾ ਜੋ ਦਸ ਲੱਖ ਰੁਪਏ ਦੇਕੇ ਕੈਨੇਡਾ ਆਉਣ ਲਈ ਉਨ੍ਹਾਂ ਦੇ ਗਲ ਵਿਚ ਗੂਠਾ ਦੇ ਰਿਹਾ ਹੁੰਦਾ ਹੈ, ਉਸ ਦੇ ਵਿਆਹ ਨਾਲ ਕੈਨੇਡਾ ਆਉਣ ਦਾ ਦਰ ਖੁੱਲ੍ਹ ਜਾਂਦਾ ਹੈ। ਕੁਝ ਸਮਾਂ ਪਾ ਕੇ ਜਦ ਲੜਕਾ ਤੇ ਉਸਦੇ ਮਾਂ-ਬਾਪ ਵੀ ਕੈਨੇਡਾ ਪੁੱਜ ਜਾਂਦੇ ਹਨ ਤਾਂ ਫੇਰ ਲੜਕੇ ਤੇ ਲੜਕੀ ਦੇ ਖ਼ਾਨਦਾਨ ਦੀ ਬਰਾਬਰਤਾ ਲਈ ਗਿਣਤੀ-ਮਿਣਤੀ ਹੋਣ ਲੱਗ ਪੈਂਦੀ ਹੈ। ਉਹ ਗਿਣਤੀ-ਮਿਣਤੀ "ਤੇਰੀ ਮੇਰੀ ਨਹੀਂ ਨਿਭਣੀ" ਨੂੰ ਜਨਮ ਦਿੰਦੀ ਹੈ। ਇਸੇ ਤਰ੍ਹਾਂ ਇੱਥੋਂ ਗਏ ਮੁੰਡਿਆਂ ਉਤੇ ਚੜ੍ਹੀ ਕੈਨੇਡੀਅਨ-ਪਾਣ ਅਤੇ ਵਿਖਾਵਾ ਦੇਖ ਕੇ ਉਥੋਂ ਦੀਆਂ ਪੜ੍ਹੀਆਂ ਲਿਖੀਆਂ ਲੜਕੀਆਂ ਪ੍ਰਦੇਸ ਜਾਣ ਦੇ ਇਸ਼ਕ-ਅਸਰ ਹੇਠ ਵਿਆਹ ਕਰਵਾ ਲੈਂਦੀਆਂ ਹਨ। ਪ੍ਰਦੇਸ ਆ ਕੇ ਜਦ ਹਰ ਚੀਜ਼ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਸਾਂ ਦੇ ਉਲਟ ਦਿਸਦੀ ਹੈ ਤਾਂ ਉਹ ਆਪਣੇ ਲੇਖਾਂ ਨੂੰ ਰੋਂਦੀਆਂ ਹੋਈਆਂ "ਤੇਰੀ ਮੇਰੀ ਨਹੀਂ ਨਿਭਣੀ" ਦਾ ਪਾਠ ਸ਼ੁਰੂ ਕਰ ਦਿੰਦੀਆਂ ਹਨ। ਜੀਵਨ ਦਾ ਅਸਲ ਮਨੋਰਥ ਬੁੱਧ ਦਾ ਵਿਕਾਸ ਹੈ। ਅੱਜ ਦੇ ਵਿਦਿਅਕ ਪਸਾਰ ਨਾਲ ਮਨੁੱਖੀ ਸੁਰਤ ਵਿਚ ਵਾਧਾ ਹੋ ਰਿਹਾ ਹੈ ਉਹ ਸੁਰਤ ਵਾਧਾ ਮਨੁੱਖੀ ਪੀੜ੍ਹੀਆਂ ਦੀ ਸੋਚ ਲਈ ਟੱਕਰ ਦਾ ਕਾਰਨ ਬਣਦਾ ਜਾ ਰਿਹਾ ਹੈ। ਇੱਥੇ ਦੇ ਜਵਾਨ ਹੋਏ ਬੱਚਿਆਂ ਦੀ ਬੋਲੀ,ਸੋਚਣੀ, ਰਹਿਣੀ-ਬਹਿਣੀ ਤੇ ਮੇਲ-ਮਿਲਾਪ ਅਤੇ ਖਾਣ-ਪੀਣ ਦੇ ਢੰਗ ਤਰੀਕੇ ਆਪਣੇ ਮਾਪਿਆਂ ਅਤੇ ਖਾਸ ਤੌਰ 'ਤੇ ਦੇਸੋਂ ਆਏ ਨਵੇਂ ਪ੍ਰਵਾਸੀ ਬਾਬੇ-ਦਾਦੀਆਂ ਨਾਲੋਂ ਵੱਖਰੇ ਹਨ। ਵੱਖਰੀ ਸੋਚਣੀ ਅਤੇ ਇਕ ਦੂਜੇ ਕੋਲੋਂ ਆਪਣੀ ਆਸ ਵਾਲੇ ਵਰਤਾਵੇ ਦੀਉਮੀਦ ਨੂੰ ਨਾ ਹਾਸਲ ਕਰ ਸਕਣਾ ਹੀ ਘਰੇਲੂ ਤਰੇੜ ਅਤੇ ਵੱਖਰੇ ਰਹਿਣ ਦੀ ਰਾਤ ਨੂੰ ਜਨਮ ਦਿੰਦਾ ਹੈ। ਉਪਰੋਕਤ ਕਾਰਨ ਹੀ ਪਿਓ-ਪੁੱਤਰ ਦੀ ਅਣਬਣ ਅਤੇ ਨੂੰਹ-ਸੱਸ ਦੇ ਕਲੇਸ਼ ਦਾ ਕਾਰਨ ਬਣਦਾ ਹੈ। ਬਹੁਤ ਕਸੂਰ ਕਿਸੇ ਇਕ ਧਿਰ ਦਾ ਨਹੀਂ। ਗੱਲ ਇਕ-ਦੂਜੇ ਨੂੰ ਸਮਝਣ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਕਦਰ ਕਰਨਾ ਹੀ ਹੈ। ਪ੍ਰਵਾਸੀਆਂ ਦੀਆਂ ਪਰਿਵਾਰਕ ਉਲਝਣਾਂ ਦੀ ਕੁੰਜੀ ਵਾਰਤਾਲਾਪ ਹੀ ਹੈ। ਗੱਲਬਾਤ ਦੀ ਲੜੀ ਕਦੇ ਟੁੱਟਣੀ ਨਹੀਂ ਚਾਹੀਦੀ, ਜਿਵੇਂ ਮੋਤੀਆਂ ਦੀ ਲੜੀ ਸ਼ਿੰਗਾਰ ਬਣਦੀ ਹੈ, ਇਸੇ ਤਰ੍ਹਾਂ ਗੱਲਬਾਤ ਦੀ ਲੜੀ ਝਗੜਿਆਂ ਦਾ ਹੱਲ ਬਣਦੀ ਹੈ।

ਫਿਰ ਫੌਜੀ ਬਜ਼ੁਰਗ ਨਾਲ ਜਦ ਮੈਂ ਪ੍ਰਵਾਸੀਆਂ ਦੇ ਮੁਢਲੇ ਵਰ੍ਹਿਆਂ ਦੀਆਂ ਮੁਸ਼ਕਲਾਂ ਦੀ ਗੱਲ ਕਰ ਰਿਹਾ ਸੀ ਤਾਂ ਉਸ ਨੇ ਕਿਹਾ ਕਿ ਪ੍ਰਵਾਸੀਆਂ ਦੇਮੁਢਲੇ ਸਾਲ ਵੀ ਫੌਜ ਦੀ ਸਿਖਲਾਈ ਵਾਂਗ ਔਖੇ ਹੀ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਚੰਗੇ ਦਿਨਾਂ ਦੀ ਆਸ ਲਈ "ਦੜਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ" ਵਾਲੀ ਕਹਾਵਤ ਤੇ ਓਟ ਰੱਖਣੀ ਚਾਹੀਦੀ ਹੈ।

ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ।

ਅਕਾਲ ਤਖਤ ਸਾਹਿਬ ਜੀ ਤੋਂ ਮੰਗਵਾਏ ਗਏ ਹੁਕਮਨਾਮਾ ਸਾਹਿਬ ਨੂੰ ਛਿਕੇ ਤੇ ਟੰਗ ਦਿੱਤਾ ਗਿਆ।

ਖਾਲਸਾ ਦੀਵਾਨ ਸੁਸਾਇਟੀ 8000 ਰੌਸ ਸਟਰੀਟ ਸਿੱਖਾਂ ਦੀ ਉੱਤਰੀ ਅਮਰੀਕਾ ਵਿੱਚ ਸੱਭ ਤੋਂ ਪੁਰਾਣੀ ਸੰਸਥਾ ਹੈ। ਜਿਸਦਾ ਸਮੁੱਚੀ ਸਿੱਖ ਕਮਿਊਨਿਟੀ ਵਿੱਚ ਵਿਸੇਸ਼ ਸਥਾਨ ਹੈ। ਇਥੋਂ ਹੀ ਗਦਰੀ ਬਾਬਿਆਂ ਨੇ ਭਾਰਤ ਦੀ ਆਜ਼ਾਦੀ ਵਿੱਚ ਦੇਸ਼ ਜਾਕੇ ਆਪਣੀਆਂ ਕੁਰਬਾਨੀਆਂ ਦਿੱਤੀਆਂ,ਜਿਸਦੀਆਂ ਬਹੁਤ ਮਿਸਾਲਾਂ ਆਪ ਭਲੀ ਭਾਂਤ ਜਾਣਦੇ ਹੋ। ਪਰ ਬਦਕਿਸਮਤੀ ਨਾਲ ਇਹਸੰਸਥਾ ਕਾਫੀ ਸਮੇਂ ਤੋਂ ਵਿਵਾਦਾਂ ਦੇ ਘੇਰੇ ਵਿੱਚ ਰਹੀ। ਇਥੇ ਇਹ ਵਰਨਣ ਕਰਨਾ ਵੀ ਜ਼ਰੂਰੀ ਹੈ ਕਿ ਅਪ੍ਰੈਲ 1998 ਵਿੱਚ ਜੋਹੁਕਮਨਾਮਾ ਸਾਹਿਬ ਭਾਈ ਰਣਜੀਤ ਸਿੰਘ ਤੋਂ ਮੰਗਵਾਇਆ ਗਿਆ ਸੀ ਉਸਦਾ ਵਿਰੋਧ ਉਸ ਸਮੇਂ ਤੋਂ ਹੀ ਮੌਡਰੇਟ ਗਰੁੱਪ ਕਰਦਾ ਆ ਰਿਹਾ ਸੀ ਅਤੇ ਸਮੁੱਚੀ ਸੰਗਤ ਨੂੰ ਰੇਡੀਓ, ਅਖ਼ਬਾਰਾਂ ਰਾਹੀ ਸੂਚਿਤ ਕੀਤਾ ਗਿਆ ਕਿ ਇਹ ਹੁਕਮਨਾਮਾ ਸਾਹਿਬ ਕੁਝ ਲੀਡਰਾਂ ਵਲੋਂ ਆਪਣੇ ਹਿਤਾਂ ਦੀ ਪੂਰਤੀ ਵਾਸਤੇ ਮੰਗਵਾਇਆ ਗਿਆ ਜਿਹੜੇ ਕਿ ਪਹਿਲਾ ਆਪ ਕੁਰਸੀਆਂ ਤੇ ਬੈਠ ਕੇ ਲੰਗਰ ਛਕਦੇ ਸਨ ਪਰ ਜਦੋਂ ਉਨ੍ਹਾਂ ਤੋਂ ਲੋਅਰ ਮੈਨਲੈਂਡ ਦੇ ਗੁਰਦੁਆਰਿਆਂ ਦੇ ਪ੍ਰਬੰਧ ਜਾਂਦੇ ਲੱਗੇ ਤਾਂ ਉਹਨਾਂ ਨੇ ਫਿਰ ਹੁਕਮਨਾਮਾ ਸਾਹਿਬ ਮੰਗਵਾ ਲਿਆ। ਪਿਛਲੇ ਕੁਝ ਸਮੇਂ ਤੋਂ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਦੀ ਚੋਣ ਦਾ ਬਿਗਲ ਵੱਜ ਗਿਆ ਤੇ ਦੋ ਧਿਰਾਂ ਮੈਦਾਨ ਵਿੱਚ ਨਿਤਰੀਆਂ। ਇਕ ਗਰੁੱਪ ਸ:ਜਰਨੈਲ ਸਿੰਘ ਭੰਡਾਲ ਦਾ ਨਿਰੋਲ ਮੌਡਰੇਟ ਗਰੁੱਪ ਸੀ ਅਤੇ ਦੂਜੇ ਪਾਸੇ ਭਾਈ ਟਹਿਲ ਸਿੰਘ ਕੈਲੇ ਦਾ ਅਖੌਤੀ ਮੌਡਰੇਟ ਗਰੁੱਪ ਸੀ ਜਿਸਨੂੰ ਹੁਕਮਨਾਮਾ ਮੰਨਣ ਵਾਲਿਆਂ ਦੀ ਹਮਾਇਤ ਪ੍ਰਾਪਤ ਸੀ।

ਅੱਜ ਸਿੱਖ ਕੌਮ ਦੇ ਅਖੌਤੀ ਲੀਡਰ ਦੇ ਜੋ ਅੰਦਰ ਸੀ ਉਹ ਬਾਹਰ ਆ ਗਿਆ। ਉਹਨਾਂ ਨੇ ਖੁੱਲ੍ਹਕੇ ਭਾਈ ਟਹਿਲ ਸਿੰਘ ਕੈਲੇ ਦੀ ਮੱਦਦ ਕੀਤੀ ਜੋ ਕਿ ਲੰਗਰ ਹਾਲ ਵਿੱਚ ਕੁਰਸੀਆਂ ਰੱਖਣ ਦੇ ਹੱਕ ਵਿੱਚ ਸੀ। ਸਾਧ ਸੰਗਤ ਜੀ ਅੱਜ ਉਹ ਕਿਥੇ ਗਏ ਜੋ ਕਹਿੰਦੇ ਸੀ ਅਸੀਂ ਤਾਂ ਉਸ ਗੁਰਦੁਆਰੇ ਨਹੀਂ ਜਾਣਾ ਜਿੱਥੇ ਅਕਾਲ ਤਖਤ ਦੀ ਮਰਿਯਾਦਾ ਨਹੀਂ। ਉਹਨਾਂ ਨੇ ਉਨਾਂ ਗੁਰਦੁਆਰਿਆਂ ਤੋਂ ਮੁੱਖ ਮੋੜ ਲਏ ਜਿੱਥੇ ਲੰਗਰ ਹਾਲ ਵਿੱਚ ਕੁਰਸੀਆਂ ਸਨ। ਅਤੇ ਆਪੋ ਆਪਣੇ ਗੁਰਦੁਆਰੇ ਸੰਗਤਾਂ ਦੇ ਪੈਸੇ ਨਾਲ ਬਣਾ ਲਏ। ਇਹਨਾਂ ਲੀਡਰਾਂ ਨੇ ਭੋਲੀ ਭਾਲੀ ਸੰਗਤ ਨੂੰ ਹਨੇਰੇ ਵਿੱਚ ਰੱਖਿਆ ਅਤੇ ਉਹਨਾਂ ਵਲੋਂ ਦਿੱਤੀ ਗਈ ਮਾਇਆ ਦੇ ਗੁਲਸ਼ਰੇ ਉਡਾਏ। ਉਹ ਸੰਗਤ ਇਹਨਾਂ ਦੇ ਅੰਦਰਲੇ ਚੋਰ ਨੂੰ ਸਮਝ ਨਾ ਸਕੀ ਤੇ ਅਖੀਰ 2002 ਦਸੰਬਰ 7 ਨੂੰ ਸੰਗਤ ਨੂੰ ਚਾਨਣ ਹੋ ਗਿਆ ਕਿ ਇਹ ਜੋ ਹੁਕਮਨਾਮੇ ਦੀ ਗੱਲ ਕਰਦੇ ਸੀ, ਉਹ ਆਪ ਹੁਕਮਨਾਮੇ ਤੋਂ ਭਗੌੜੇ ਹੋ ਗਏ ਅਤੇ ਉਨ੍ਹਾਂ ਨੇ ਸ਼ਰੇਆਮ ਭਾਈ ਟਹਿਲ ਸਿੰਘ ਕੈਲੇ ਦੀ ਸਲੇਟ ਨੂੰ ਵੋਟਾਂ ਪਾਈਆਂ। ਕਿੱਥੇ ਗਿਆ ਉਹ ਹੁਕਮਨਾਮਾ। ਕਿਥੇ ਗਏ ਉਹ ਲੀਡਰ, ਕਿਥੇ ਗਈ ਉਹਨਾਂ ਦੀ ਅਕਾਲ ਤਖਤ ਸਾਹਿਬ ਲਈ ਸ਼ਰਧਾ, ਜਿਹੜੇ ਕਹਿੰਦੇ ਸੀ, ਜੇ ਤੁਸੀਂ ਹੁਕਮਨਾਮਾ ਨਾ ਮੰਨਿਆ ਤੁਹਾਡੇ ਕੋਹੜ ਹੋ ਜੂ,ਤੁਹਾਡੇ ਔਲਾਦ ਨਹੀਂ ਪੈਦਾ ਹੋਣੀ ਵਗੈਰਾ ਵਗੈਰਾ। 7 ਦਸੰਬਰ ਉਹ ਭਾਈ ਹੱਥ ਵਿੱਚ ਬੈਲਟ ਪੇਪਰ ਫੜ ਕੇ ਕੁਰਸੀਆਂ ਦੇ ਹੱਕ ਵਿੱਚ ਫਤਵਾ ਦੇ ਕੇ ਆਏ।

ਸਿੱਖ ਕੌਮ ਨੂੰ ਹਮੇਸ਼ਾ ਹੀ ਅਜਿਹੇ ਲੀਡਰਾਂ ਨੇ ਲੁੱਟਿਆ ਅਤੇ ਲੁੱਟਦੇ ਰਹਿਣਗੇ। ਸਮੁੱਚੀ ਸੰਗਤ ਨੂੰ ਬੇਨਤੀ ਹੈ ਕਿ ਇਹਨਾਂ ਨੂੰ ਪਛਾਣੋ ਇਹ ਕੌਣ ਲੋਕ ਹਨ ਜੋ ਆਪਣੀਆਂ ਪਰਸਨਲ ਪ੍ਰਾਪਰਟੀਆਂ ਸੰਗਤ ਦੇ ਪੈਸੇ ਨਾਲ ਬਣਾਈ ਜਾ ਰਹੇ ਹਨ। ਸੁਚੇਤ ਹੋਣ ਦੀ ਲੋੜ ਹੈ। ਹੁਣ ਸਵਾਲ ਇਹ ਉਠਦਾ ਹੈ ਕਿ ਪਹਿਲਾਂ ਹੁਕਮਨਾਮਾ ਨਾ ਮੰਨਣ ਵਾਲਿਆਂ ਨੂੰ ਪੰਥ ਵਿੱਚੋਂ ਛੇਕਿਆ ਗਿਆ ਤਾਂ ਹੁਣ ਇਹਨਾਂ ਲੀਡਰਾਂ ਨੂੰ ਪੰਥ ਵਿਚੋਂ ਛੇਕਣਾ ਬਣਦਾ ਹੀ ਹੈ। ਜੋ ਆਪ ਹੁਕਮਨਾਮੇ ਤੋਂ ਮੁਨਕਰ ਹੋ ਗਏ। ਅੰਤ ਵਿੱਚ ਸਮੁੱਚੇ ਵੋਟਰਾਂ ਨੂੰ ਅਪੀਲ ਹੈ ਕਿ ਅੱਗੇ ਤੋਂ ਇਹਨਾਂ ਬਹਿਰੂਪੀਆ ਚੇਹਰਿਆਂ ਨੂੰ ਪਛਾਣੋ ਅਤੇ ਪੰਥ ਦੀ ਸੇਵਾ ਕਰੋ। ਭਾਈ ਜਰਨੈਲ ਸਿੰਘਦੀ ਭੰਡਾਲ ਦੀ ਸਲੇਟ ਨੇ 3000 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ। ਅਤੇ ਸੰਗਤ ਨੇ ਆਪਣੀ ਵੋਟ ਦੀ ਸਹੀ ਵਰਤੋਂ ਕਰਕੇ ਉਸ ਹੁਕਮਨਾਮੇ ਨੂੰ ਝੂਠਾ ਸਾਬਤ ਕਰ ਦਿੱਤਾ ਹੈ ਕਿ ਜੋ ਮੌਡਰੇਟ ਗਰੁੱਪ ਕਹਿੰਦਾ ਸੀ ਉਹ ਸੱਚ ਸੀ। ਅੰਤ ਵਿੱਚ ਸਮੁੱਚੇ ਵੋਟਰਾਂ ਦਾ ਭਾਈ ਜਰਨੈਲ ਸਿੰਘ ਭੰਡਾਲ ਦੀ ਸਮੁੱਚੀ ਸਲੇਟ ਵਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਹਨਾਂ ਨੇ ਆਪਣੀ ਵੋਟ ਦੀ ਸਹੀ ਵਰਤੋਂ ਕੀਤੀ। ਜੇ ਕੋਈ ਸ਼ਬਦ ਗਲਤ ਲਿਖਿਆ ਗਿਆ ਹੋਵੇ ਤਾਂ ਸਮੁੱਚੀ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਲੋਂ ਹੱਥ ਜੋੜ ਕੇ ਮੁਆਫੀ ਮੰਗਦੇ ਹਾਂ।

ਨਿਰਮਲ ਸਿੰਘ ਸੰਘੇੜਾ, ਮੀਤ ਪ੍ਰਧਾਨ
ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ।

Canadians Bilingual? How About Centilingual?

The image of a bilingual Canada is becoming less accurate because Canadians speak more than 100 languages, a report from Statistics Canada says.

The report, released on Tuesday, is based on data from the 2001 national census. It says Canadians reported 100 different mother tongues – the first language they learned and still understood at the time of the census.

Most Canadians, nine out of 10, said they speak either English or French at home, but more than five million people, a sixth of the population, said they learned another language first.

The number of those people grew by 12.5 per cent since 1996, far eclipsing the general population growth rate of four per cent.

After French and English, Chinese was the third most common mother tongue.

Alberta becomes province of choice

Statistics Canada also reported that slightly fewer Canadians were on the move. In the five years prior to 2001, 41.9 per cent of the population older than five changed residence. The 1996 data showed 43.3 per cent had moved; in 1991, 46.7 per cent said they had moved during the previous five years.

Of those crossing provincial borders, the general drift continued to be westward, but Alberta supplanted British Columbia as the destination of choice.

Attracted by the booming oil and gas industry, nearly a quarter-million people moved into Alberta, creating a net population increase of 119,400

ਕਹਾਣੀ

ਛੱਤ ਦੇ ਬਾਲੇ



ਕਰਮ ਸਿੰਘ 'ਮਾਨ'

ਦਿਉਲਾਂ ਦੀ ਸੱਥ ਵਿੱਚ ਬਹੁਤ ਵੱਡੇ ਸ਼ਾਮਿਆਨੇ ਲੱਗੇ ਹੋਏ ਸਨ। ਨਹਿਰ ਦੇ ਪੁੱਲ ਤੱਕ ਲਗਭਗ ਇਕ ਕਿਲੋਮੀਟਰ ਟਰੈਕਟਰ,ਟਰਾਲੀਆਂ, ਸਕੂਟਰ, ਜੀਪਾਂ ਤੇ ਕਾਰਾਂ ਖੜੀਆਂ ਸਨ। ਇੰਨਾ ਵੱਡਾ ਇਕੱਠ ਕਦੇ ਇਸ ਪਿੰਡ ਵਿੱਚ ਨਹੀਂ ਹੋਇਆ ਸੀ। ਇਕ ਵੱਡੇ ਪੰਡਾਲ ਵਿੱਚ ਬੰਦੇ ਆ ਬੈਠੀਂ ਜਾਂਦੇ। ਦੋ ਤਿੰਨ ਮਿੰਟ ਬਲਵੀਰ ਸਿੰਘ ਦੀ ਮੌਤ ਬਾਰੇ ਗੱਲਬਾਤ ਚਲਦੀ ਤੇ ਫੇਰ ਛੇਤੀ ਹੀ ਖੇਤੀ, ਸਿਆਸਤ ਤੇ ਕਬੀਲਦਾਰੀ ਦੇ ਕਿੱਸੇ ਛਿੜ ਪੈਂਦੇ। ਜਦ ਵੀ ਨਵੇਂ ਬੰਦੇ ਆਉਂਦੇ ਤਾਂ ਚਲ ਰਹੀ ਗੱਲਬਾਤ ਬੰਦ ਹੋ ਜਾਂਦੀ ਤੇਬਲਵੀਰ ਸਿੰਘ ਦੀ ਮੌਤ ਬਾਰੇ ਮੁੜ ਗੱਲ ਚੱਲ ਪੈਂਦੀ ਤੇ ਦੋ ਤਿੰਨ ਮਿੰਟ ਪਿਛੋਂ ਵਿਸ਼ਾ ਬਦਲ ਜਾਂਦਾ। ਖਾਣਾ ਮੇਜ਼ ਕੁਰਸੀਆਂ ਤੇ ਬਹਿਰੇ ਵਰਤਾ ਰਹੇ ਸਨ। ਘਰ ਤੇ ਪਿੰਡ ਦੇ ਲੋਕ ਵੀ ਭੋਜਨ ਛਕਾਉਣ ਵਿੱਚ ਮੱਦਦ ਕਰ ਰਹੇ ਸਨ। ਇਸੇ ਤਰ੍ਹਾਂ ਜਦ ਵੀ ਕਿਸੇਪਿੰਡ ਤੋਂ ਕੋਈ ਮਕਾਣ ਆਉਂਦੀ, ਔਰਤਾਂ ਇਕ ਦੋ ਵੈਣ ਪਾਉਂਦੀਆਂ ਤੇ ਰੋਂਦੀਆਂ ਰੋਂਦੀਆਂ ਹੱਸ ਕੇ ਗੱਲਾਂ ਕਰਨ ਲੱਗ ਜਾਂਦੀਆਂ। ਉਨ੍ਹਾਂ ਲਈ ਸਾਰਾ ਖਾਣ ਪੀਣ ਦਾ ਵੱਖਰਾ ਪ੍ਰਬੰਧ ਕੀਤਾ ਗਿਆ ਸੀ।

ਬਲਵੀਰ ਸਿੰਘ ਸੱਠ ਕਿੱਲਿਆਂ ਦਾ ਮਾਲਕ ਸੀ। ਉਹ ਪਿਛਲੇ ਦਸ ਸਾਲ ਤੋਂ ਕੰਮ ਕਾਜ ਤੋਂ ਵਿਹਲਾ ਸੀ। ਸਾਰੇ ਕੰਮਕਾਰ ਦਾ ਭਾਰ ਉਸਦੇ ਮੁੰਡੇ ਹਰਜੀਤ ਦੇ ਸਿਰ ਤੇ ਸੀ। ਉਹ ਆਪਣੇ ਪਿਤਾ ਨਾਲ ਉਸ ਵੇਲੇ ਹੀ ਗੱਲ ਕਰਦਾ ਜਦ ਉਸਨੂੰ ਪਟਵਾਰਖਾਨੇ ਕੰਮ ਪੈਂਦਾ ਜਾਂ ਉਸ ਨੂੰ ਕਰਜ਼ਾ ਲੈਣ ਲਈ ਪਿਉ ਦਾ ਅੰਗੂਠਾ ਲਵਾਉਣ ਦੀ ਲੋੜ ਹੁੰਦੀ।

ਬਲਵੀਰ ਸਿੰਘ 65 ਸਾਲ ਦੀ ਉਮਰ ਵਿੱਚ ਪੂਰਾ ਹੋ ਗਿਆ ਸੀ। ਉਸ ਨੂੰ ਪਹਿਲਾਂ ਮਲੇਰੀਆ ਬੁਖਾਰ ਹੋਇਆ। ਡਾਕਟਰ ਸ਼ਰਮਾ ਨੇ ਕੁਨੀਨ ਦੇ ਐਸੇ ਟੀਕੇ ਲਾਏ ਕਿ ਬੁਖਾਰ ਤਾਂ ਚਲਿਆ ਗਿਆ ਪਰ ਨਾਲ ਹੀ ਉਸ ਦਾ ਸਾਹ-ਸੱਤ ਵੀ। ਉਹ ਉਠਣੋਂ ਬੈਠਣੋਂ ਰਹਿ ਗਿਆ ਸੀ। ਖੇਤੀ ਦਾ ਕੰਮ ਛੱਡੇ ਉਸ ਨੂੰ ਬਹੁਤ ਚਿਰ ਹੋ ਗਿਆ ਸੀ। ਉਸ ਸਵੇਰ ਵੇਲੇ ਉਠੱਣਾ, ਨਹਾ ਧੋ ਕੇ ਸੱਥ ਵਿੱਚ ਜਾ ਬੈਠਣਾ, ਦੁਪਹਿਰ ਦੀ ਰੋਟੀ ਖਾ ਕੇ ਹਨ੍ਹੇਰਾ ਹੋਣ ਤੱਕ ਘਰੇ ਨਾ ਮੁੜਨਾ। ਹਰ ਇਕ ਦੇ ਦੁੱਖ ਸੁੱਖ ਵਿੱਚ ਜਾ ਆਉਣਾ। ਬਾਕੀ ਸਾਰੀ ਕਬੀਲਦਾਰੀ ਉਸ ਦੀ ਛੱਡੀ ਹੋਈ ਸੀ।

ਜਦੋਂ ਦੀ ਉਸ ਦੀ ਘਰ ਵਾਲੀ ਬਲਵੰਤ ਮਰ ਗਈ ਸੀ ਉਦੋਂ ਦਾ ਉਹ ਬਹੁਤ ਹੀ ਉਦਾਸ ਰਹਿਣ ਲੱਗ ਪਿਆ ਸੀ। ਉਹ ਹੁਣ ਸੱਥ ਵਿਚ ਘੱਟ ਹੀ ਬੈਠਦਾ ਸੀ। ਬਾਹਰਲੇ ਘਰ ਦੀ ਬੈਠਕ ਵਿਚ ਹੀ ਪਿਆ ਰਹਿੰਦਾ। ਦੋ ਸਾਲ ਪਹਿਲਾਂ ਬਲਵੰਤ ਦੇ ਪੈਰ ਤੇ ਇਕ ਛਾਲਾ ਜਿਹਾ ਹੋਇਆ। ਉਸ ਨੂੰ ਸ਼ੱਕ ਪਾਈ ਕਿ ਉਸ ਨੂੰ ਸਪੋਲੀਆ ਸੁੰਘ ਗਿਆ ਹੈ । ਉਹ ਆਪਣੇ ਸੀਰੀ ਨੂੰ ਨਾਲ ਲੈ ਕੇ ਨਾਲ ਦੇ ਪਿੰਡੋਂ ਥੌਲਾ ਕਰਵਾ ਲਿਆਈ ਸੀ। ਉਸ ਸੁਆਹ ਵਿਚ ਕੋਈ ਦੁਆਈ ਰਲਾ ਕੇ ਜ਼ਖਮ ਤੇ ਰੱਖ ਦਿੱਤੀ ਸੀ। ਪਰ ਬੰਤ ਦਾ ਜ਼ਖਮ ਵਧਦਾ ਵਧਦਾ ਗੈਂਗਰੀਨ ਬਣ ਗਿਆ। ਉਸ ਦਾ ਪੈਰ ਪੱਕ ਗਿਆ ਤੇ ਉਸ ਦੀ ਲੱਤ ਵੀ ਪਿਲਪਿਲ ਕਰਨ ਲੱਗ ਪਈ। ਪਹਿਲਾਂ ਪਹਿਲ ਤਾਂ ਉਸ ਬਾਰੇ ਕਿਸੇ ਗੌਲਿਆ ਹੀ ਨਾ। ਪੁੱਤ ਨੂੰ ਉਸ ਨਾਲ ਗੱਲ ਕਰਨ ਦਾ ਵਿਹਲ ਨਹੀਂ ਸੀ। ਨੂੰਹਾਂ ਕੋਲ ਆਪਣੇ ਬੱਚੇ ਸੰਭਾਲਣ ਤੋਂ ਵੱਧ ਸਮਾਂ ਨਹੀਂ ਸੀ। ਜਦ ਕੋਈ ਖ਼ਬਰ ਲੈਣ ਆਉਂਦਾ, ਉਹ ਬੇਬੇ ਜੀ ਦੇ ਜ਼ਖਮ ਨੂੰ ਨਿੰਮ ਦੇ ਪੱਤੇ ਗਰਮ ਪਾਣੀ ਵਿਚ ਪਾ ਕੇ ਧੋਣ ਲੱਗ ਪੈਂਦੀਆਂ, ਤੇ ਆਏ ਗਏ ਨੂੰ ਚਾਹ ਪਾਣੀ ਵੀ ਪੁੱਛਦੀਆਂ। ਹਰ ਕੋਈ ਦੋ ਚਾਰ ਹਮਦਰਦੀ ਦੇ ਸ਼ਬਦ ਸਾਂਝੇ ਕਰਦਾ ਤੇ ਵਾਹਿਗੁਰੂ ਭਲੀ ਕਰੇਗਾ, ਕਹਿਕੇ ਤੁਰਦਾ ਬਣਦਾ। ਲੋਕ ਉਸ ਨੂੰ ਹਸਪਤਾਲ ਲਿਜਾਣ ਦੀ ਰਾਇ ਦੇਣ ਤੋਂ ਡਰਦੇ ਸੀ ਕਿਉਂਕਿ ਪਤਾ ਨਹੀਂ ਸੀ ਉਸ ਦੇ ਉਜੱਡ ਤੇ ਅੱਖੜ ਪੁੱਤ ਨੇ ਕੀ ਮੂੰਹੋਂ ਕੱਢ ਦੇਣਾ ਸੀ। ਆਖਰ ਬਲਵੰਤ ਦੇ ਭਤੀਜੇ ਸਤਵੀਰ ਨੇ, ਜੋ ਮੰਡੀਆਂ ਦਾ ਅਫਸਰ ਲੱਗਿਆ ਹੋਇਆ ਸੀ, ਬਲਵੰਤ ਨੂੰ ਲੁਧਿਆਣੇ ਹਸਪਤਾਲ ਦਾਖ਼ਲ ਕਰਵਾ ਦਿੱਤਾ ਸੀ ਪਰ ਬਿਮਾਰੀ ਇੰਨੀ ਵਧ ਚੁੱਕੀ ਸੀ ਕਿ ਉਸ ਦੀ ਲੱਤ ਕੱਟਣ ਤੇ ਵੀ ਉਹ ਬਚ ਨਹੀਂ ਸਕੀ ਸੀ। ਸਾਰੇ ਪਿੰਡ ਵਿਚ ਇਹ ਧਾਰਨਾ ਬਣ ਗਈ ਕਿ ਮੌਤ ਤਾਂ ਬਹਾਨਾ ਬਣ ਕੇ ਆਉਂਦੀ ਹੈ।

ਇੱਕ ਬਲਵੰਤ ਦਾ ਵਿਛੋੜਾ, ਦੂਜੇ ਪੁੱਤਰ ਦੀ ਅਣਗਹਿਲੀ ਤੇ ਤੀਸਰੇ ਮਲੇਰੀਏ ਬੁਖਾਰ ਨਾਲ ਬਲਵੀਰ ਸਿੰਘ ਹੱਡੀਆ ਦਾ ਮੁੱਠ ਰਹਿ ਗਿਆਸੀ। ਹੌਲੀ ਹੌਲੀ ਮਲੇਰੀਆ ਪੀਲੀਏ ਦੀ ਬਿਮਾਰੀ ਵਿਚ ਬਦਲ ਗਿਆ। ਉਸ ਦਾ ਮੰਜਾ ਬੈਠਕ ਵਿਚ ਡਾਹਿਆ ਰਹਿੰਦਾ। ਸੁਭਾ ਸਵੇਰ ਆਂਢੀ ਗੁਆਂਢੀ ਉਸ ਦੀ ਖ਼ਬਰ ਲੈਣ ਆਉਂਦੇ। ਪਿੰਡ ਦੇ ਦੇਸੀ ਹਕੀਮ ਵੀ ਮਾੜਾ ਮੋਟਾ ਓਹੜ ਪੋਹੜ ਕਰਦੇ ਪਰ ਇਸ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ।

ਇੱਕ ਦਿਨ ਉਸ ਦੇ ਪੋਤੇ ਗੁਰਬੀਰ ਨੇ ਕਿਹਾ ਕਿ ਬਾਬਾ ਜੀ ਨੂੰ ਪੀ.ਜੀ.ਆਈ., ਚੰਡੀਗੜ੍ਹ ਦਾਖ਼ਲ ਕਰਵਾਣਾ ਹੈ। ਉਸ ਦੀ ਮਾਂ ਤੇ ਹੋਰਾਂ ਨੇ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਅਸੀਂ ਇਸ ਦੀ ਮਿੱਟੀ ਨਹੀਂ ਰੋਲਣੀ। ਇਸ ਦੀ ਘਰੇ ਹੀ ਚਾਰ ਦਿਨ ਸੇਵਾਕਰਨੀ ਹੈ। ਬਲਵੰਤ ਸਿੰਘ ਛੱਤ ਦੇ ਬਾਲੇ ਗਿਣਦਾ ਗਿਣਦਾ ਰੱਬ ਨੂੰ ਪਿਆਰਾ ਹੋ ਗਿਆ। ਅੱਜ ਉਸ ਦੇ ਭੋਗ ਤੇ ਬਹੁਤ ਭਾਰੀ ਇਕੱਠ ਹੋਇਆ ਸੀ।

ਭਾਈ ਜੀ ਨੇ ਰਸਭਿੰਨਾ ਕੀਰਤਨ ਕੀਤਾ। ਮੌਤ ਨੂੰ ਅਲਾਹੀ ਹੁਕਮ ਦੱਸਦੇ ਹੋਏ ਦੁੱਖ ਸੁੱਖ ਨੂੰ ਕਰਮਾਂ ਦਾ ਫਲ ਦੱਸਿਆ। ਬਲਵੀਰ ਸਿੰਘ ਦੇ ਲੋਕ ਤੇ ਪਰਲੋਕ ਸੰਵਾਰਨ ਦੀ ਗੱਲ ਕੀਤੀ। ਇਲਾਕੇ ਦੇ ਰਾਜਸੀ ਲੀਡਰਾਂ ਨੇ ਬਲਵੀਰ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਹਰਜੀਤ ਦੀ ਸਰਵਣ ਪੁੱਤਰ ਨਾਲ ਤੁਲਨਾ ਕੀਤੀ। ਵਧੇਰੇ ਸਮਾਂ ਹਰਜੀਤ ਦੇ ਗੁਣ ਦੱਸਣ ਤੇ ਹੀ ਲਾਇਆ। ਹਰਜੀਤ ਨੇ ਦਸ ਹਜ਼ਾਰ ਪਿੰਡ ਦੇ ਸਕੂਲ ਲਈ, ਪੰਜ ਪੰਜ ਹਜ਼ਾਰ ਪਿੰਡ ਦੇ ਦੋ ਗੁਰਦਵਾਰਿਆਂ ਲਈ ਦਾਨ ਦਿੱਤੇ। ਉਸ ਦੀ ਬਹੁਤ ਸਰਾਹਨਾ ਹੋ ਰਹੀ ਸੀ। ਕਦੇ ਕਦੇ ਬਲਵੀਰ ਦੀਆਂ ਧੀਆਂ ਹਰਚਰਨ ਮਾਂਗਟ ਤੇ ਹਰਬੀਰ ਗਰੇਵਾਲ ਦੀਆਂ ਚੀਕਾਂ ਸਾਰੇ ਮਹੌਲ ਨੂੰ ਸੋਗੀ ਕਰ ਦਿੰਦੀਆਂ। " ਰੋਵੋ ਨਾ ਭਾਈ, ਰੱਬ ਦਾ ਭਾਣਾ ਮੰਨੋ" ਇਹ ਕਹਿ ਕੇ ਔਰਤਾਂ ਉਨ੍ਹਾਂ ਨੂੰ ਦਿਲਾਸਾ ਦੇ ਰਹੀਆਂ ਸਨ।

ਬਲਵੀਰ ਦੇ ਮਰਨੇ ਤੇ ਬਹੁਤ ਖਰਚ ਕੀਤਾ ਗਿਆ ਸੀ। ਲੱਡੂ, ਜਲੇਬੀਆਂ, ਬਰਫੀ ਤੇ ਹੋਰ ਕਈ ਕਿਸਮ ਦੀ ਮਠਿਆਈ ਚਾਹ ਨਾਲ ਵਰਤਾਈ ਗਈ ਸੀ। ਦੁਪਹਿਰ ਦੇ ਭੋਜਨ ਵਿਚ ਤਿੰਨ ਸਬਜ਼ੀਆਂ, ਦਾਲ ਤੇ ਦਹੀਂ ਸੀ। ਨੇੜੇ ਦੇ ਘਰਾਂ ਦੇ ਸਾਰੇ ਜੀਅ ਤੇ ਬਹੁਤ ਸਾਰੇ ਘਰਾਂ ਦਾ ਇਕ ਬੰਦਾ ਇਕ ਬੁੜ੍ਹੀ ਸੇਵਾ ਵਿਚ ਹਾਜ਼ਰ ਸੀ।

ਧੰਨੋ, ਭੰਤੀ, ਵਿਦਿਆ ਤੇ ਸੰਤੋ ਇਕ ਖੂੰਜੇ ਵਿਚ ਬੈਠੀਆਂ ਦੁੱਖ ਸੁੱਖ ਕਰ ਰਹੀਆਂ ਸਨ।

" ਵਿਚਾਰਾ ਬਲਵੀਰ ਅਜੇ ਕਲ੍ਹ ਤਾਂ ਜੰਮਿਆ ਸੀ। ਮੈਂ ਉਸ ਨੂੰ ਆਪਣੇ ਹੱਥਾਂ ਵਿਚ ਖਿਡਾਇਆ ਹੈ। ਬੰਤ ਦੇ ਮਰਨ ਪਿੱਛੋਂ ਤਾਂ ਉਡੱ ਈ ਗਿਐ। ਕਿਸ ਕੋਲ ਆਪਣਾ ਦੁੱਖ ਫਰੋਲੇ। "ਜੇ ਸ਼ਹਿਰ ਲੈ ਜਾਂਦੇ ਤਾਂ ਸ਼ਾਇਦ ਬਚ ਹੀ ਜਾਂਦਾ।" ਧੰਨੋ ਨੇ ਕਿਹਾ।

" ਹਾਂ ਭਾਈ, ਆਹ ਪੰਜ ਸੌ ਬੰਦੇ ਨੂੰ ਰੋਟੀ ਖਵਾਉਣ ਦਾ ਉਸ ਨੂੰ ਕੀ ਭਾਅ? ਜਿਉਂਦੇ ਨੂੰ ਤਾਂ ਕਿਸੇ ਨੇ ਪਾਣੀ ਨੀਂ ਫੜਾਇਆ। ਮਰੇ ਤੋਂ ਢਕੌਂਜ ਕਰਦੇ ਨੇ---ਆਪਣੀ ਇੱਜਤ ਵਧਾਣ ਖਾਤਰ।" ਵਿਦਿਆ ਨੇ ਆਸਾ ਪਾਸਾ ਵੇਖ ਕੇ ਕਹਿ ਹੀ ਦਿੱਤਾ।

"ਭਾਈ ਉਹ ਪੁੱਤ ਵੀ ਕਾਹਦਾ, ਕਿਹੜਾ ਬਿਮਾਰ ਮਾਂ ਪਿਉ ਨਾਲ ਗੱਲ ਵੀ ਨਾ ਕਰੇ। ਇਲਾਜ ਤਾਂ ਇਕ ਪਾਸੇ ਰਿਹਾ। ਜੇ ਉਲਾਦ ਪਿਆਰ ਨਾਲ ਬੋਲੇ ਅੱਧੀ ਬਿਮਾਰੀ ਤਾਂ ਆਪੇ ਟੁੱਟ ਜਾਂਦੀ ਹੈ। ਨਾਲ ਬਗਾਨੀ ਧੀ ਕਿਉਂ ਕਰੇ ਜਦ ਪੁੱਤ ਹੀ ਨਹੀਂ ਝਾਕਦਾ। ਭੁੱਲ ਜਾਂਦੇ ਨੇ ਬਈ ਇਹ ਦਿਨ ਤਾਂ ਸਭ ਤੇ ਆਉਣੇ ਨੇ।" ਸੰਤੋ ਨੇ ਕਿਹਾ।

"ਕਿੰਨਾ ਭੈੜਾ ਸਮਾਂ ਆ ਗਿਆ ਹੈ ਜਦ ਸੱਠ ਸਾਲ ਤੋਂ ਉਪਰ ਹੋ ਜਾਂਦੈ ਕਹਿੰਦੇ ਨੇ ਇਸ ਦੀ ਤਾਂ ਅਉਧ ਬੀਤ ਗਈ ਹੈ। ਸਾਰੇ ਹੀ ਘਰੇ ਪੂਰੇ ਹੋਏ ਹਨ, ਕਿਸੇ ਨੂੰ ਸ਼ਹਿਰ ਲੈ ਕੇ ਨਹੀਂ ਗਏ। ਕਿੰਨਾ ਇਲਾਜ ਵਧਿਆ ਹੈ, ਬਚ ਹੀ ਜਾਂਦੇ।" ਵਿਦਿਆ ਨੇ ਕਿਹਾ।

ਭੰਤੀ ਅੱਖਾਂ ਟੱਡੀ ਸਭ ਕੁਝ ਸੁਣ ਰਹੀ ਸੀ। ਉਸ ਦੇ ਚਿਹਰੇ ਦੀ ਤੌਰਭੌਰ ਵੇਖ ਕੇ ਡਰ ਆਉਂਦਾ ਸੀ। ਉਸ ਦਾ ਉਬਾਲ ਵੀ ਫਟ ਗਿਆ। ਉਸ ਕਿਹਾ,"ਭਾਈ ਆਹ ਦਿਨ ਵੀ ਵੇਖਣੇ ਸਨ। ਮੈਂ ਵੱਡੇ ਤੋਂ ਠੇਕਾ ਮੰਗਿਆ। ਉਲਟਾ ਕਹਿੰਦਾ ਤੂੰ ਤਾਂ ਮੇਰੀ ਮਾਂ ਹੀ ਨਹੀਂ। ਮੈਂ ਜਿਗਰਾ ਕਰਕੇ ਕਹਿ ਦਿੱਤਾ ਕਿ ਜਿਹੜੀ ਜ਼ਮੀਨ ਨੂੰ ਸਾਂਭੀ ਬੈਠਾ ਹੈਂ ਇਹ ਮੇਰੇ ਖਸਮ ਦੀ ਹੈ। ਕਰ ਪੰਚਾਇਤ ਦਾ ਇਕੱਠ ਮੈਂ ਤੈਨੂੰ ਦੱਸਾਂ ਤੇਰਾ ਪਿਉ ਕਿਹੜਾ ਹੈ! ਬੱਸ ਉਸ ਦਿਨ ਤੋਂ ਸਾਡੀ ਬੋਲ ਚਾਲ ਬੰਦ।"

ਭੋਗ ਪੈਣ ਤੋਂ ਪਿੱਛੋਂ ਬਹੁਤੇ ਲੋਕ ਜਾ ਚੁੱਕੇ ਸਨ। ਖਾਸ ਖਾਸ ਰਿਸ਼ਤੇਦਾਰ ਤੇ ਘਰਾਂ ਦੇ ਵਿਰਲੇ ਵਿਰਲੇ ਬੰਦੇ ਘਰੇ ਰਹਿ ਗਏ ਸਨ। ਹਰਚਰਨ ਆਪਣੇ ਪਿਤਾ ਦੇ ਭੋਗ ਤੇ ਕੈਨੇਡਾ ਤੋਂ ਆਈ ਸੀ। ਉਹ ਆਪਣੀ ਮਾਂ ਦੇ ਭੋਗ ਤੇ ਨਹੀਂ ਆ ਸਕੀ ਸੀ। ਉਹ ਅੱਜ ਹੀ ਭੋਗ ਤੇ ਆਈ ਸੀ। ਇਹ ਸਾਰੇ ਉਸ ਕੋਲ ਅਫਸੋਸ ਕਰ ਰਹੇ ਸਨ। ਉਸ ਨੂੰ ਮਾਂ ਦੀ ਮੌਤ ਬਾਰੇ ਉਸ ਦੀਆਂ ਮਰਨ ਤੋਂ ਪਹਿਲਾਂ ਪਾਈਆਂ ਚਿੱਠੀਆਂ ਤੇ ਆਸੇ ਪਾਸੇ ਤੋਂ ਬਹੁਤ ਕੁੱਝ ਪਤਾ ਲੱਗ ਗਿਆ ਸੀ। ਉਸ ਦੇ ਜਜ਼ਬਾਤ ਕਾਬੂ ਵਿਚ ਨਾ ਰਹੇ। ਬਸ ਉਹ ਰੁਕਦੀ ਰੁਕੀ ਵੀ ਵਹਿ ਤੁਰੀ,

" ਮੇਰੇ ਪਿਤਾ ਜੀ ਨੂੰ ਇਨ੍ਹਾਂ ਸੱਠ ਕਿੱਲਿਆਂ ਦਾ ਕੀ ਭਾਅ? ਹਸਪਤਾਲ ਵੀ ਲਿਜਾ ਸਕੇ ਨਹੀਂ, ਤੁਸੀਂ! ਅੱਜ ਦੇ ਵਿਖਾਵੇ ਤੇ ਲਾਹਨਤ ਹੈ। ਉਨ੍ਹਾਂ ਨੂੰ ਵੇਲੇ ਸਿਰ ਰੋਟੀ ਤੇ ਦੋ ਕੱਪ ਚਾਹ ਵੀ ਨਹੀਂ ਮਿਲਦੇ ਰਹੇ। ਸਾਰੀ ਸੰਭਾਲ ਉਨ੍ਹਾਂ ਦੀ ਨੌਕਰ ਕਰਨ ਜਾਂ ਨਾ ਕਰਨ। ਬਾਪੂ ਨੂੰ ਹਸਪਤਾਲ ਚੁੱਕ ਕੇ ਨਹੀਂ ਲੈ ਕੇ ਗਏ।

---ਆਖੋ, ਬੁੱਢਿਆਂ ਨੇ ਤਾਂ ਮਰਨਾ ਈ ਐ! ਅਜੇ ਭੋਗ ਪਿਆ ਨਹੀਂ, ਪਹਿਲਾਂ ਹੀ ਜ਼ਮੀਨ ਸਾਂਭਣ ਦੀ ਬਣਗੀ! ਜੀਤਾ ਕਹਿੰਦਾ ਕਲ੍ਹ ਨੂੰ ਤਸੀਲ ਚੱਲ ਕੇ ਬਿਆਨ ਦੇਣੇ ਆਂ, ਬਈ ਸਾਰੀ ਜ਼ਮੀਨ ਮੇਰੇ ਨਾਂ ਹੋਜੇ।

ਜ਼ਮੀਨ ਤਾਂ ਸਾਂਭ ਲੈ ਪਰ ਜਿਸ ਪਿਉ ਦੀ ਜ਼ਮੀਨ ਸਾਂਭਦੈ, ਕਦੇ ਦੋ ਮਿੰਟ ਉਸ ਦੇ ਸਰਾਹਣੇ ਬੈਠ ਕੇ ਗੱਲ ਕੀਤੀ ਸੀ? ਆਹ ਪੜ੍ਹ ਲੈ ਮਾਂ ਦੀ ਚਿੱਠੀ-- ਲਿਖਦੀ ਐ ਕੋਲ ਦੀ ਲੰਘ ਜਾਂਦੈ, ਦੋ ਮਿੰਟ, ਖੜ੍ਹਕੇ ਹਾਲ ਨਹੀਂ ਪੁੱਛਿਆ-- ਕਹਿੰਦਾ ਪਸ 'ਚੋਂ ਮੁਸ਼ਕ ਮਾਰਦੈ! ਸੂਗ ਆਉਂਦੀ ਐ! ਉਨ੍ਹਾਂ ਪੂਰਾ ਨਰਕ ਭੋਗਿਆ ਹੈ। ਆਹ ਜਿਹੜੇ ਤੈਨੂੰ ਸਰਵਣ ਪੁੱਤਰ ਦਸਦੇ ਸੀ, ਇਹ ਸਾਰੇ ਤੇਰੇ ਵਰਗੇ ਹੋਣੇ ਹਨ।" ਉਹ ਕਹਿੰਦੀ ਭੁੱਬਾਂ ਮਾਰ ਕੇ ਰੋ ਰਹੀ ਸੀ। ਸੰਤੀ ਉਸ ਨੂੰ ਗਲ ਲਾ ਕੇ ਵਿਰਾ ਰਹੀ ਸੀ। ਉਹ ਬੋਲੀ,

"ਪੁੱਤ, ਚਰਨ! ਸਭ ਬੁੱਢਿਆਂ ਦਾ ਹੀ ਇਹ ਹਾਲ ਹੈ। ਚੰਗਾ ਤਾਂ ਰੱਬ ਦਾ ਨਾਂ ਹੀ ਹੈ। ਸਾਰੇ ਰਿਸ਼ਤੇ ਗਰਜ਼ ਦੇ ਹਨ। ਦੁਨੀਆਂ ਪੈਸੇ ਨੇ ਅੰਨ੍ਹੀਂ ਕਰ ਦਿੱਤੀ ਹੈ। ਖੂਨ ਚਿੱਟਾ ਹੋ ਗਿਆ ਹੈ। ਤੇਰੇ ਤਾਏ ਦੇ ਮਰਨ ਪਿੱਛੋਂ ਦੋਵੇਂ ਭਰਾ ਅੱਡ ਹੋ ਗਏ। ਮੈਂ ਛੋਟੇ ਨਾਲ ਦਿਨ ਕੱਟ ਰਹੀ ਹਾਂ। ਤਾਏ ਨੂੰ ਅੱਖ ਮੀਟਣ ਨਹੀਂ ਦਿੱਤੀ, ਅਗਲੇ ਦਿਨ ਹੀ ਸਰਪੰਚ ਤੇ ਨੰਬਰਦਾਰ ਘੁੱਦਾ ਘਰੇ ਬੁਲਾ ਲਏ। ਲਿਖ ਲਈ ਜਾਹਲੀ ਵਸੀਅਤ। ਕਹਿਣ ਲੱਗੇ,"ਸੰਤੀਏ! ਤੇਰੇ ਪੁੱਤਾਂ ਦੇ ਨਾਂ ਜ਼ਮੀਨ ਕਰਾ ਦੇਈਏ।" ਤੈਨੂੰ ਇਹ ਠੇਕਾ ਦਿਆ ਕਰਨਗੇ ਦੋ ਹਜ਼ਾਰ ਸਾਲ ਦਾ। ਉਹ ਵੀ ਅੱਜ ਤੱਕ ਕਿਸੇ ਨਹੀਂ ਦਿੱਤਾ। ਕੁੜੀਆਂ ਜਿਉਂਦੀਆਂ ਹੀ ਮਾਰਤੀਆਂ।" ਫਿਰ ਕਿਹੜਾ ਸਬਰ ਕੀਤਾ; ਵੱਡੀ ਗੁਲਾਬੋ ਕਹਿਣ ਲੱਗੀ,"ਬੇਬੇ, ਆਪਣੇ ਸੰਦੂਕ ਨੂੰ ਵੀ ਜਿਉਂਦੀ ਵੰਡਦੇ--- ਮਗਰੋਂ ਸਾਡੇ 'ਚ ਫਰਕ ਪੈਜੂ।" ਮੈਂ ਕਿਹਾ ਕਿ ਮੈਨੂੰ ਦੋ ਬਿਸਤਰੇ ਛੱਡ ਦਿਓ, ਬਾਕੀ ਵੰਡ ਲਉ! ਪੂਰੇ ਅਠਾਰ੍ਹਾਂ ਅਠਾਰ੍ਹਾਂ ਆ ਗਏ। ਵੱਡੀ ਕਹਿਣ ਲੱਗੀ ਬੇਬੇ ਤੈਂ ਦੋ ਕੀ ਕਰਨੇਂ ਨੇਂ। ਇੱਕ ਬਥੇਰਾ ਐ ਸਾਂਭ ਕੇ ਰੱਖਣ ਨੂੰ। ਮੈਂ ਗੁੱਸੇ ਨਾਲ ਕਿਹਾ, "ਮੇਰੇ ਸਭ ਮੁੱਕ ਗਏ ਹਨ, ਮੇਰੇ ਕੀਹਨੇ ਆਉਂਣੈ, ਮੈਂਕੀਹਦੇ ਲਈ ਸਾਂਭਣੇ ਨੇ। ਕਹਿੰਦੀ, ਲੈ ਬੇਬੇ! ਅੱਡ ਹੋਣ ਵਾਲੀ ਗੱਲ ਨਾ ਕਰ, ਅਸੀਂ ਹੈਗੇ ਹਾਂ ਸਾਂਭਣ ਵਾਲੇ। ਹੀਂ ਹੀਂ ਕਰਦੀ ਨੇ ਦੂਸਰੇ ਬਿਸਤਰੇ ਦੀ ਰਜਾਈ ਤੇ ਸਰਾਹਣਾ ਆਪ ਚੁੱਕ ਲਿਆ, ਦਰੀ ਤੇ ਚਾਦਰ ਛੋਟੀ ਨੂੰ ਛੱਡ ਗਈ।"

ਹਰਜੀਤ ਤੇ ਪਿੰਡ ਦੇ ਹੋਰ ਬਜ਼ੁਰਗ ਕੁੜੀਆਂ ਨੂੰ ਘਰ ਦੀ ਇੱਜ਼ਤ ਦਾ ਵਾਸਤਾ ਪਾ ਕੇ ਚੁੱਪ ਕਰਨ ਲਈ ਕਹਿ ਰਹੇ ਸਨ। ਭਰਜਾਈਆਂ ਬਾਹਰੋਂ ਆਈ ਨਣਦ ਦੇ ਪੈਰ ਧੋਣ ਲਈ ਗਰਮ ਪਾਣੀ ਲਈ ਖੜੀਆਂ ਸਨ। ਉਹ ਟੇਢੀ ਨਜ਼ਰ ਨਾਲ ਉਸ ਵੱਲੋਂ ਲਿਆਂਦੇਅਟੈਚੀ ਕੇਸਾਂ ਦੇ ਐਕਸਰੇ ਕਰ ਰਹੀਆਂ ਸਨ।

ਭਤੀਜੇ ਗੁਰਬੀਰ ਨੇ ਪੁੱਛਿਆ, "ਭੂਆ ਜੀ, ਤੁਹਾਡੇ ਤਾਂ ਇਲਾਜ ਬਹੁਤ ਸੁਣੀਂਦਾ, ਕਹਿੰਦੇ ਮੁਫਤ ਹੋ ਜਾਂਦੈ। "ਹਾਂ! ਬਾਹਰ ਇਲਾਜ ਦੀ ਕੋਈ ਘਾਟ ਨਹੀਂ ਪਰ ਹਰ ਇਕ ਨੂੰ ਕੰਮ ਕਰਨਾ ਪੈਂਦਾ ਹੈ। ਬਜ਼ੁਰਗਾਂ ਲਈ ਇਲਾਜ ਦੀ ਬਹੁਤ ਸਹੂਲਤ ਹੈ, ਸਵਰਗ ਹੈ। ਪਰ ਬਾਕੀ ਸਭ ਕੁਝ ਇੱਥੇ ਵਾਲਾ ਹੀ ਹੈ। ਬੁਢਾਪਾ ਚੰਦਰਾ ਹੈ ਹਰ ਥਾਂ। ਉਥੇ ਵੀ ਸਭ ਦੀ ਨਿਗ੍ਹਾ ਪੈਨਸ਼ਨ ਦੇ ਚੈਕ ਤੇ ਲੱਗੀ ਰਹਿੰਦੀ ਐ-- ਜਿਸਨੂੰ ਮਿਲ ਗਏ ਉਹ ਖੁਸ਼, ਦੂਜਾ ਨਰਾਜ਼। ਆਪਣੇ ਬੱਚੇ ਬਿਗਾਨੇ ਸਭਿਆਚਾਰ 'ਚ ਪਲਦੇ ਐ। ਉਨ੍ਹਾਂ ਨੂੰ ਰਿਸ਼ਤਿਆਂ ਦੀ ਸੂਝ ਨਹੀਂ। ਇਸ ਤਰ੍ਹਾਂ ਅਸੀਂ ਜਿਉਂਦੇ ਹੀ ਮਾਨਸਿਕ ਸੰਤਾਪ ਭੋਗ ਰਹੇ ਹਾਂ। ਸਾਡੇ ਬਜ਼ੁਰਗ ਬਿਗਾਨੀ ਬੋਲੀ ਬੋਲ ਨਹੀਂ ਸਕਦੇ। ਉਹ ਆਪਣੇ ਘਰ ਵਿਚ ਬਿਗਾਨੇ ਹਨ। ਬਿਮਾਰ ਹੋਏ ਨੂੰ ਹਸਪਤਾਲ ਸਾਂਭਦੇ ਹਨ, ਪਰ ਹਸਪਤਾਲ ਜਾ ਕੇ ਸੇਵਾ ਕਰਨ ਤੇ ਖ਼ਬਰ ਲੈਣ ਦਾ ਸਮਾਂ ਕਿਸੇ ਕੋਲ ਨਹੀਂ। ਬਿਮਾਰ ਦੀ ਨਿਗ੍ਹਾ ਛੱਤ ਵਲ ਹੀ ਰਹਿੰਦੀ ਹੈ। ਹਰ ਥਾਂ ਹੀ ਛੱਤ ਦੇ ਬਾਲੇ ਗਿਣ ਕੇ ਜਾਨ ਦੇਣੀ ਪੈਂਦੀ ਹੈ।"

Rivaaz Fabrics

3 Piece Net Dupata
ਤਿੰਨ ਪੀਸ ਨੈਟ (ਜਾਲੀ) ਦੁਪੱਟਾ
Regular $65.00
Sale $45.00

3 Piece Velvet Suits with Shawl
ਤਿੰਨ ਪੀਸ ਵੈਲਵੱਟ ਸੂਟ ਸ਼ਾਲ ਨਾਲ
Regular $65.00
Sale $50.00

3 Piece Tissue Suits with Lining
ਤਿੰਨ ਪੀਸ ਟਿਸ਼ੂ ਸੂਟ ਲਾਈਨਿੰਗ ਸਮੇਤ
Regular $65.00
Sale $50.00

Brocade Suits
ਬ੍ਰੋਕੇਡ ਸੂਟ
4 for $100.00

Velour Suits
ਵੇਲੋਰ ਸੂਟ
Price $8.00

Crepe Printed Suits
ਕਰੇਪ ਪ੍ਰਿੰਟਿਡ ਸੂਟ
1 for $15.00
2 for $25.00

Kids Ready Made Suits with Patiala Salwar 50% OFF
ਬੱਚਿਆਂ ਦੇ ਰੈਡੀ ਮੇਡ ਸੂਟ ਪਟਿਆਲਾ ਸਲਵਾਰ ਦੇ ਨਾਲ 50% ਛੋਟ

All Ready Made Suits 50% OFF
ਸਾਰੇ ਰੈਡੀਮੇਡ ਸੂਟਾਂ ਤੇ 50% ਛੋਟ
All Jewelery 10% OFF
ਸਾਰੀ ਜਿਊਲਰੀ ਤੇ 10% ਛੋਟ

Elwood Plaza's East Indian Fashion Store
Unit 13 - 31205 Old Yale Road, Abbotsford
Same Plaza as Rangla Punjab Sweets
(Townline and Old Yale Road)
604•853•7876

ਗਲਾਂਬਸ ਐਂਡ ਕੰਪਨੀ
ਬਰਿਸਟਰਜ਼ ਐਂਡ ਸੋਲੀਸਟਰਜ਼

Galambos & Company
Barristers and Solicitors

ਅਸੀਂ ਕਾਨੂੰਨ ਦੇ ਇਨ੍ਹਾਂ ਸਾਰੇ ਇਲਾਕਿਆਂ ਵਿਚ ਤੁਹਾਡੀ ਮੱਦਦ ਕਰ ਸਕਦੇ ਹਾਂ:
- ਆਈ.ਸੀ.ਬੀ.ਸੀ. ਪਰਸਨਲ ਇੰਜਰੀ (ਕੋਈ ਫੀਸ ਨਹੀਂ ਜੇ ਰੀਕਵਰੀ ਨਾ ਹੋਵੇ)
- ਇੰਮੀਗਰੇਸ਼ਨ ਕੇਸਾਂ ਅਤੇ ਅਪੀਲਾਂ
- ਰੀਫਿਊਜੀ ਕੇਸਾਂ ਦੀ ਅਪੀਲ
- ਕਰਿਮੀਨਲ ਡੀਫੈਂਸ
- ਡਰਾਈਵਿੰਗ ਔਫਿੰਸ
- ਜਨਰਲ ਸਿਵਲ ਮੁਕੱਦਮੇ
- ਡੀਵੋਰਸ ਕੇਸ, ਬੱਚੇ ਦੀ ਕਸਟਡੀ, ਸੇਪੇਰੇਸ਼ਨ ਕੇਸ
- ਰੀਅਲ ਸਟੇਟ ਮਾਰਗੇਜ਼ ਅਤੇ ਟਰਾਂਸਫਰਜ਼
- ਵਸੀਅਤ ਅਤੇ ਇਸਟੇਟਸ
- ਈ.ਆਈ. ਅਤੇ ਸੀ.ਪੀ.ਪੀ.ਅਪੀਲਾਂ
- ਕਾਰਪੋਰੇਟ ਅਤੇ ਕੁਮੱਰਸ਼ਲ

We Can Help In These Areas Of Law
- ICBC Personal Injury (No Recovery -No Fee)
- Immigration Cases and Appeals
- Refugee Cases and Appeals
- Crimianl Defense
- Driving Offenses
- General Civil Litigation
- Divorce Cases, Child Custody and Separation Cases
- Real Estate Mortgages and Transfers
- Wills and Estates
- U.I.C. and C.P.P. Appeals
- Corporate and Commercial

ਤੁਹਾਡੀ ਸੁਵਿਧਾ ਅਨੁਸਾਰ ਅਪੁਇੰਟਮੈਂਟ(ਘਰ,ਦਫਤਰ ਅਤੇ ਹਸਪਤਾਲ ਆਦਿ) ਹੋ ਸਕਦੀ ਹੈ।
ਸਲਾਹ ਮਸ਼ਵਰਾ ਮੁਫ਼ਤ
ਅਸੀਂ ਚੰਗੇ ਨਤੀਜਿਆਂ ਲਈ ਜਿਸਦੇ ਤੁਸੀਂ ਹੱਕਦਾਰ ਹੋ ਲਈ ਸਖਤ ਮਿਹਨਤ ਕਰਾਂਗੇ।

Appointments at Your Convenience (Home, Office, Hospital ETC.)
No Cost Initial Consultation
We will work hard to get you the results you deserve

ਸਰੀ ਅਤੇ ਪੋਰਟ ਕੁਕਇਟਲਮ ਵਿਚ ਪਹਿਲਾਂ ਹੀ ਸਾਡੇ ਦੋ ਦਫਤਰ ਤੁਹਾਡੀ ਸੇਵਾ ਕਰ ਰਹੇ ਹਨ। ਐਬਟਸਫੋਰਡ ਵਿਚ ਤੀਜੀ ਲੋਕੇਸ਼ਨ ਖੁਲ੍ਹ ਗਈ।

ਅਸੀਂ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲਬਾਤ ਕਰਦੇ ਹਾਂ।
ਅਪੁਇੰਟਮੈਂਟ ਬਨਾਉਣ ਲਈ ਸਰਬ ਨੂੰ ਫੋਨ ਕਰੋ:

Abbotsford Location
33140 Mill Lake Rd.
(Behind Khalsa Diwan Society Temple)

3 locations to serve you better,
Surrey, Port Coquitlam and Abbotsford

Punjabi and Hindi Spoken
Call Sarb to arrange an appointment

604-626-3414 **604-859-7725** **604-626-3414**

ਖੁੱਲ੍ਹ ਗਿਆ ਖੁੱਲ੍ਹ ਗਿਆ ਖੁੱਲ੍ਹ ਗਿਆ

Flavor of India

ਅਸੀਂ ਸੱਭ ਭਾਈਚਾਰੇ ਨੂੰ ਇਹ ਖ਼ਬਰ (ਸੂਚਨਾਂ) ਦੇ ਰਹੇ ਹਾਂ ਕਿ ਨਵੰਬਰ 16/2002 ਨੂੰ ਐਲਡਰਗਰੋਵ ਵਿਚ ਫਰੇਜ਼ਰ ਹਾਈਵੇਅ 264 ਸਟਰੀਟ ਦੇ ਕੋਨੇ ਤੇ 'ਲੈਂਗਲੀ ਬੈਂਕੁਟ ਸੈਂਟਰ' ਦੇ ਮੇਨ ਫਲੋਰ ਤੇ ਖੁੱਲ੍ਹ ਗਿਆ ਹੈ।

ਆਪਜੀ ਨੂੰ ਇਥੋਂ ਹਰੇਕ ਤਰ੍ਹਾਂ ਦੀਆਂ ਮਠਿਆਈਆਂ ਮਿਲ ਸਕਦੀਆਂ ਹਨ ਜਾਂ ਆਪ ਨੂੰ ਹਰੇਕ ਤਰ੍ਹਾਂ ਦੀ ਕੇਟਰਿੰਗ ਦੀਆਂ ਸੇਵਾਵਾਂ ਮਿਲ ਸਕਦੀਆਂ ਹਨ, ਨਾਲ ਵਿਆਹ-ਸ਼ਾਦੀ ਪਾਰਟੀਆਂ ਲਈ ਹਾਲ ਭੀ ਮਿਲ ਸਕਦਾ ਹੈ।

1000 ਆਦਮੀ ਦੀ ਕੈਪੇਸਿਟੀ ਹੈ।

ਕ੍ਰਿਪਾ ਕਰਕੇ ਫੋਨ ਕਰੋ:
807-6385 : ਜੈਕ ਧਾਲੀਵਾਲ
614-4284 : ਜੋਗਿੰਦਰ ਰੁਆਏ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲਿਆਂ ਦਾ ਵਚਿੱਤਰ ਜੀਵਨ

ਲੇਖਕ ਗਿਆਨੀ ਵੀਰ ਸਿੰਘ 'ਮਦੋਕੇ'

ਗੁਰਬਾਣੀ ਦਾ ਅਭਿਆਸ

ਇਕ ਵਾਰ ਭਾਈ ਕਰਤਾਰ ਸਿੰਘ ਜੀ 'ਪ੍ਰੇਮੀ' ਨੇ ਸੰਤ ਜੀ ਤੋਂ ਪੁੱਛਿਆ ਕਿ ਆਪ ਜੀ ਹਰ ਪੰਗਤੀ ਪੜ੍ਹਨ ਤੋਂ ਇਥੋਂ ਤਕ ਦੱਸ ਦਿੰਦੇ ਹੋ ਕਿ ਇਹ ਕਿਸ ਅੰਗ 'ਤੇ ਦਰਜ ਹੈ, ਆਪ ਜੀ ਦਾ ਇਤਨਾ ਅਭਿਆਸ ਕਿਸ ਤਰ੍ਹਾਂ ਹੋਇਆ ਹੈ? ਸੰਤ ਜੀ ਕਹਿਣ ਲੱਗੇ, "ਸੰਤ ਬਾਬਾ ਸੁੰਦਰ ਸਿੰਘ ਜੀ ਦੇ ਪਾਸ ਆਉਣ ਤੋਂ ਪਹਿਲਾਂ, ਅਸੀਂ ਤਕਰੀਬਨ ਪੰਜ ਸੌ ਦੇ ਕਰੀਬ ਸ੍ਰੀ ਸਹਿਜ ਪਾਠ ਹੀ ਕਰ ਚੁੱਕੇ ਹੋਵਾਂਗੇ।" ਸਿੰਘਾਂਵਾਲੇ ਪਿੰਡ ਦੇ ਮਿਸਤਰੀ ਭਾਈ ਸੁੰਦਰ ਸਿੰਘ ਨੇ ਦੱਸਿਆ ਕਿ ਸੰਤ ਜੀ ਇਥੇ ਸਾਡੇ ਪਿੰਡ ਸ੍ਰੀ ਅਖੰਡ ਪਾਠ ਸਾਹਿਬ ਕਰਨ ਆਏ ਸਨ। ਪਾਠ ਦੀ ਰੌਲ ਲਾ ਕੇ ਬਿਰਾਜ ਗਏ। ਜਿਥੋਂ ਪਾਠ ਛੱਡ ਕੇ ਆਏ ਸਨ, ਸੁੱਤੇ ਪਿਆਂ ਦੇ ਉਥੋਂ ਹੀ ਸ਼ੁਰੂ ਹੋ ਗਿਆ, ਕਈ ਪੱਤਰੇ ਸੁੱਤਿਆਂ ਨੇ ਹੀ ਪੜ੍ਹ ਦਿੱਤੇ।

ਇਸੇ ਤਰ੍ਹਾਂ ਹੀ ਪੁਰਾਣੇ ਲੰਙਿਆਣੇ ਸੰਤ ਜੀ ਸ਼ਾਮ ਦੀ ਕਥਾ ਕਰ ਕੇ ਉਤਾਰੇ ਵਾਲੀ ਜਗ੍ਹਾ, ਜਦ ਭਾਈ ਉਜਾਗਰ ਸਿੰਘ ਦੀ ਬੈਠਕ ਵਿਚ ਆਏ ਤਾਂ ਚਾਰ ਚੁਫੇਰੇ ਕੰਧਾਂ 'ਤੇ ਗੁਰਬਾਣੀ ਦੀਆਂ ਬੇਅੰਤ ਹੀ ਪੰਗਤੀਆਂ ਲਿਖੀਆਂ ਦਿਸੀਆਂ। ਸੰਤ ਜੀ ਨਰਾਜ਼ ਹੋ ਕੇ ਕਹਿਣ ਲੱਗੇ,"ਦੱਸੋ! ਇਹ ਕਿਸ ਨੇ ਲਿਖੀਆਂ ਹਨ?ਅਸੀਂ ਹੁਣ ਪੈਰ ਕਿਧਰ ਨੂੰ ਕਰ ਕੇ ਪਈਏ।" ਸਿੰਘ ਕਹਿੰਦੇ,"ਜੀ! ਸਾਨੂੰ ਤਾਂ ਦਿਸਦੀਆਂ ਨਹੀਂ।" ਸੰਤ ਜੀ ਥੋੜ੍ਹਾ ਘੂਰ ਕੇ ਕਹਿਣ ਲੱਗੇ,"ਤੁਹਾਡੀਆਂ ਅੱਖਾਂ ਨੂੰ ਕੀ ਹੋ ਗਿਆ ਹੈ? ਜਿਸ ਕਰਕੇ ਤੁਹਾਨੂੰ ਦਿਸਦੀਆਂ ਨਹੀਂ।" ਸੰਤ ਜੀ ਨੇ ਕਈ ਪੰਗਤੀਆਂ ਪੜ੍ਹ ਕੇ ਸੁਣਾਈਆਂ। ਕੁਝ ਚਿਰ ਬਾਅਦ ਉਹ ਸਾਰੀਆਂ ਪੰਗਤੀਆਂ ਦਿਸਣੋਂ ਹਟ ਗਈਆਂ। ਸਾਰੇ ਸਿੰਘ ਵੀ ਅਤੇ ਸੰਤ ਜੀ ਵੀ ਹੈਰਾਨ ਹੋ ਗਏ ਕਿ ਇਹ ਕੀ ਕੌਤਕ ਹੋਇਆ ਹੈ?

ਇਕ ਵਾਰ ਸੰਤ ਜੀ ਰੋੜੇ ਪਿੰਡ ਸ੍ਰੀ ਅਖੰਡ ਪਾਠ ਕਰਨ ਗਏ। ਸੰਤ ਜੀ ਦਾ ਵੱਡਾ ਭਰਾ ਭਾਈ ਹਜ਼ਾਰਾ ਸਿੰਘ ਵੀ ਨਾਲ ਹੀ ਸੀ। ਦੋ ਤੋਂ ਚਾਰ ਤਕ ਰੌਲ ਲਾ ਕੇ ਸੰਤ ਜੀ ਬਿਰਾਜ ਗਏ। ਆਪ ਜੀ ਇਸ ਪੰਗਤੀ ਤੋਂ ਪਾਠ ਛੱਡ ਕੇ ਆਏ ਸਨ:-

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ।।

[ਸੋਰਠਿ ਮਹਲਾ 4, ਅੰਗ-604]

ਸੁੱਤਿਆਂ ਪਿਆਂ ਦੇ ਉਥੋਂ ਹੀ ਪਾਠ ਸ਼ੁਰੂ ਹੋ ਗਿਆ। ਕਈ ਪੱਤਰੇ ਪੜ੍ਹ ਦਿੱਤੇ। ਭਾਈ ਹਜ਼ਾਰਾ ਸਿੰਘ ਜੀ ਨੇ ਦੂਜੇ ਪਾਠੀਆਂ ਨੂੰ ਲਿਆ ਕੇ ਸੁੱਤੇ ਪਏ ਪਾਠ ਕਰਦੇ ਦਿਖਾਏ। ਸੁਣ ਕੇ ਸਾਰੇ ਅਸਚਰਜ ਰਹਿ ਗਏ। ਸੱਤ ਸਾਲ ਦੀ ਉਮਰ ਤਕ ਸੰਤ ਜੀ ਚੰਗੇ ਅਖੰਡਪਾਠੀ ਬਣ ਗਏ ਸਨ। ਸੰਤ ਜੀ ਕਿਹਾ ਕਰਦੇ ਸੀ,"ਸੰਤ ਸੁੰਦਰ ਸਿੰਘ ਜੀ ਦੇ ਪਾਸ ਆਉਣ ਤੋਂ ਪਹਿਲਾਂ ਅਸੀਂ ਪੰਜ ਬਾਣੀਆਂ ਦੇ ਪੰਜ ਪੰਜ ਪਾਠ ਕਰਦੇ ਹੁੰਦੇ ਸੀ। ਜਦ ਤੋਂ ਸੰਤਾਂ ਪਾਸ ਆ ਕੇ ਪੜ੍ਹਾਈ ਸ਼ੁਰੂ ਕੀਤੀ ਤਾਂ ਸੰਤਾਂ ਨੇ ਕਿਹਾ ਕਿ ਏਨੀ ਵਾਰ ਪੜ੍ਹਨਤੋਂ ਖੇਚਲ ਬਹੁਤੀ ਹੁੰਦੀ ਹੈ, ਹੋਰ ਪੜ੍ਹਾਈ ਕਰਨੀ ਔਖੀ ਹੋ ਜਾਂਦੀ ਹੈ, ਇਕ ਵਾਰ ਤਾਂ ਤੁਸੀਂ ਆਪ ਪੜ੍ਹ ਲਿਆ ਕਰੋ ਤੇ ਇਕ ਵਾਰ ਕਿਸੇ ਹੋਰ ਸਿੰਘ ਤੋਂ ਸੁਣ ਲਿਆ ਕਰੋ। ਫਿਰ ਸਾਰੀ ਜ਼ਿੰਦਗੀ ਇਸੇ ਨਿਯਮ ਨਾਲ ਹੀ ਨਿੱਤਨੇਮ ਕਰਦੇ ਰਹੇ। ਆਪ ਜੀ ਦੇਮਨ ਵਿਚ ਗੁਰਬਾਣੀ ਦੀ ਅਥਾਹ ਸ਼ਰਧਾ ਸੀ। ਆਪ ਗੁਰਬਾਣੀ ਨੂੰ ਗੁਰੂ ਰੂਪ ਜਾਣ ਕੇ ਗੁਰਬਾਣੀ ਦਾ ਮਹਾਨ ਸਤਿਕਾਰ ਕਰਦੇ ਸਨ। ਆਪ ਜੀ ਦਾ ਮਨ ਹਮੇਸ਼ਾਂ ਗੁਰਬਾਣੀ ਦੇ ਪ੍ਰਵਾਹ ਵਿਚ ਲੱਗਾ ਰਹਿੰਦਾ ਸੀ:-

ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ।।8।।
[ਸੂਹੀ ਮਹਲਾ 4, ਅੰਗ-759]

ਸਿਮਰਨ ਦਾ ਅਭਿਆਸ

ਇਕ ਵਾਰ ਭਿੰਡਰੀਂ 127 ਸ੍ਰੀ ਅਖੰਡ ਪਾਠਾਂ ਦੀ ਲੜੀ ਨੌਂ ਚੇਤ ਤੋਂ ਸ਼ੁਰੂ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇਭੋਗ ਪਾਇਆ ਸੀ। 12 ਪਾਠੀ ਪਾਠ ਵਿਚ ਲਾਏ ਸਨ। ਸੰਤ ਜੀ ਦੋ ਵਜੇ ਤੋਂ ਰਾਤ ਨੂੰ ਕੁਟੀਆ ਵਿਚ ਬੈਠ ਕੇ ਅਭਿਆਸ ਕਰਦੇ, ਕੋਈ ਚੀਜ਼ ਨਹੀਂ ਛਕਦੇ ਸਨ, ਦਿਨ ਦੇ 11 ਵਜੇ ਬਾਹਰ ਨਿਕਲਦੇ। ਇਕ ਘੰਟਾ ਸ਼ਾਮ ਨੂੰ ਸੰਤ ਜੀ ਆਪ ਪਾਠ ਪੜ੍ਹਦੇ ਅਤੇ ਬਾਕੀ ਸਾਰੇ ਸਿੰਘ ਪੋਥੀਆਂ ਪ੍ਰਕਾਸ਼ ਕਰ ਕੇ ਪਾਠ ਸੁਣਿਆ ਕਰਦੇ।

ਇਕ ਵਾਰ ਸੰਤ ਜੀ ਭਿੰਡਰੀਂ ਗੁਰਦੁਆਰੇ ਦੀ ਛੱਤ 'ਤੇ ਬੈਠੇ ਭਜਨ ਕਰ ਰਹੇ ਸਨ ਕਿ ਉਸ ਵੇਲੇ ਇਤਨਾ ਜ਼ੋਰ ਦੀ ਖੜਾਕ ਹੋਇਆ, ਜਿਸ ਤਰ੍ਹਾਂ ਕੋਈ ਬੰਬ ਫਟ ਗਿਆ ਹੁੰਦਾ ਹੈ, ਸੰਤ ਜੀ ਅਜੇ ਸੋਚ ਹੀ ਰਹੇ ਸਨ ਕਿ ਇਹ ਖੜਾਕ ਕਾਹਦਾ ਹੋਇਆ ਹੈ?ਤਾਂ ਅਵਾਜ਼ ਆਈ,"ਗੁਰਮੁਖਾ! ਹੋਰ ਕੋਈ ਖ਼ਿਆਲ ਨਾ ਕਰ, ਇਹ ਤੇਰਾ ਦੇਹ ਅਧਿਆਸ ਦਾ ਪੜਦਾ ਇਕੋ ਵਾਰ ਹੀ ਪਾੜ ਦਿੱਤਾ ਹੈ, ਹੋਰ ਕੁਝ ਨਹੀਂ ਹੋਇਆ।"

ਇਕ ਵਾਰ ਸੰਤ ਜੀ ਭਿੰਡਰਾਂ ਦੇ ਗੁਰਦੁਆਰੇ ਤੋਂ ਚੜ੍ਹਦੇ ਪਾਸੇ ਨੂੰ ਪਿੱਪਲ ਹੇਠ ਬੈਠ ਕੇ ਭਜਨ ਕਰ ਰਹੇ ਸਨ ਤਾਂ ਅੱਗੋਂ ਦੀ ਵੇਦਸੁਨਹਿਰੀ ਅੱਖਰਾਂ ਵਿਚ ਫਿਲਮਾਂ ਦੀ ਤਰ੍ਹਾਂ ਲੰਘਣ ਲੱਗ ਪਏ। ਵੱਡੇ ਸੰਤਾਂ ਨੂੰ ਦੱਸਿਆ ਤਾਂ ਉਹ ਕਹਿਣ ਲੱਗੇ ਕਿ ਇਸ ਤਰ੍ਹਾਂ ਨਹੀਂ ਅਸੀਂ ਮੰਨਦੇ, ਕੱਲ੍ਹ ਨੂੰ ਕੁਝ ਲਿਖ ਕੇ ਲੈ ਆਇਉ। ਦੂਜੇ ਦਿਨ ਜਦ ਵੇਦ ਅੱਗੋਂ ਦੀ ਲੰਘਣ ਲੱਗੇ ਤਾਂ,'ਬ੍ਰਹਮ ਰਵੀ ਬ੍ਰਹਮ ਅਰਪਣ' ਅਜੇ ਏਨਾ ਹੀ ਲਿਖਿਆ ਸੀ ਕਿ ਅਵਾਜ਼ ਆਈ, "ਪੁਰਖਾ! ਕਿਸੇ ਨੂੰ ਦੱਸੀਦਾ ਨਹੀਂ ਹੁੰਦਾ।" ਸੰਤ ਜੀ ਦੱਸਿਆ ਕਰਦੇ ਕਿ ਇਹ ਸੁਣ ਕੇ ਸਾਡੀਆਂ ਅੱਖਾਂ ਵਿਚ ਜਲ ਭਰ ਆਇਆ। ਵੱਡੇ ਸੰਤ ਲਿਖਿਆ ਵੇਖ ਕੇ ਬਹੁਤ ਪ੍ਰਸੰਨ ਹੋਏ।

ਭਾਈ ਪਰਮਜੀਤ ਸਿੰਘ ਜੀ ਮਾਹਲਪੁਰ ਨੇ ਦੱਸਿਆ ਕਿ ਪੰਜੋਖਰਾ ਸਾਹਿਬ ਸ਼ਾਮ ਵਾਲੀ ਕਥਾ ਦੀ ਅਰਦਾਸ ਹੋ ਰਹੀ ਸੀ, ਸਰੀਰ ਢਿੱਲਾ ਹੋਣ ਕਰਕੇ ਮੈਂ ਸੰਤ ਜੀ ਦੀ ਬਾਂਹ ਫੜ੍ਹੀ ਖਲੋਤਾ ਸੀ, ਮੇਰੇ ਮਨ ਵਿੱਚ ਸੰਕਲਪ ਫੁਰਿਆ,"ਮਹਾਂਪੁਰਖਾਂ ਦੇ ਕੋਲ ਗਿਆਂ ਤਾਂ ਸਿਮਰਨ ਚੱਲ ਪੈਂਦਾ ਹੈ।" ਅਜੇ ਏਨਾ ਹੀ ਸੋਚਿਆ ਸੀ ਕਿ ਹਿਰਦੇ ਵਿਚ ਵਾਹਿਗੁਰੂ ਮੰਤਰ ਦਾ ਜਾਪ ਸ਼ੁਰੂ ਹੋ ਗਿਆ। ਜਿਤਨਾ ਚਿਰ ਮਹਾਂਪੁਰਖਾਂ ਕੋਲ ਰਿਹਾ, ਜਾਪ ਚੱਲਦਾ ਰਿਹਾ, ਜਦੋਂ ਪਾਸੇ ਹੋ ਗਿਆ ਤਾਂ ਬੰਦ ਹੋ ਗਿਆ।

ਸੰਤ ਜੀ ਸਿੰਘਾਂ ਪਾਸੋਂ ਬਹੁਤ ਤੇਜ਼ ਬਾਣੀ ਸੁਣਦੇ। ਕਹਿੰਦੇ,"ਜਿੰਨਾ ਤੇਜ਼ ਤੋਂ ਤੇਜ਼ ਪੜ੍ਹ ਸਕਦੇ ਹੋ, ਪੜ੍ਹੋ!" ਤੇਜ਼ ਬਾਣੀ ਪੜ੍ਹਨ ਦਾ ਕਾਰਨ ਇਹ ਦੱਸਦੇ ਕਿ ਤੇਜ਼ ਬਾਣੀ ਪੜ੍ਹਨ ਨਾਲ ਮਨ ਸੁਤੇ ਇਕਾਗਰ ਹੋ ਜਾਂਦਾ ਹੈ, ਨਾ ਤਾਂ ਪੜ੍ਹਨ ਵਾਲੇ ਦਾ ਮਨ ਕਿਸੇ ਪਾਸੇਜਾ ਸਕਦਾ ਹੈ ਤੇ ਨਾ ਹੀ ਸੁਣਨ ਵਾਲੇ ਦਾ ਮਨ ਕਿਸੇ ਪਾਸੇ ਜਾ ਸਕਦਾ ਹੈ।

ਇਕ ਵਾਰ ਭਾਈ ਪਰਮਜੀਤ ਸਿੰਘ ਜੀ ਮਾਹਲਪੁਰ ਵਾਲਿਆਂ ਨੇ ਸੰਤ ਜੀ ਤੋਂ ਪੁੱਛਿਆ ਕਿ ਸਿਮਰਨ ਕਰਦਿਆਂ, ਜਿਵੇਂ ਵੇਦ ਸ਼ਾਸਤਰ ਸੁਨਹਿਰੀ ਅੱਖਰਾਂ ਵਿਚ ਆਪ ਜੀ ਨੂੰ ਸਾਖਿਆਤ ਹੋਏ ਹਨ, ਇਹ ਅਵਸਥਾ ਸਾਰੇ ਸਿਮਰਨ ਕਰਨ ਵਾਲਿਆਂ 'ਤੇ ਆਉਂਦੀ ਹੈ ਜਾ ਨਹੀਂ? ਸੰਤ ਜੀ ਨੇ ਦੱਸਿਆ ਕਿ ਇਹ ਅਵਸਥਾ ਸਿਮਰਨ ਦੀ ਹੀ ਇਕ ਮੰਜ਼ਿਲ ਹੈ। ਸਿਮਰਨ ਕਰਨ ਵਾਲਾ ਜਦੋਂ ਇਸ ਮੰਜ਼ਿਲ 'ਤੇ ਪਹੁੰਚਦਾ ਹੈ ਤਾਂ ਵਿਦਿਆ ਸਾਖਿਆਤ ਹੋ ਜਾਂਦੀ ਹੈ। ਪਰ ਜੋ ਪਹਿਲਾਂ ਪੜ੍ਹਿਆ ਹੋਇਆ ਨਹੀਂ, ਉਹ ਕੰਮ ਨਹੀਂ ਲੈ ਸਕਦਾ। ਜਿਵੇਂ ਨਕਸ਼ੇ ਨੂੰ ਪੜ੍ਹੇ ਹੋਏ ਵੀ ਤੇ ਅਨਪੜ੍ਹ ਵੀ ਵੇਖਦੇ ਤਾਂ ਸਾਰੇ ਹੀ ਹਨ, ਪਰ ਪੜ੍ਹੇ ਹੋਏ ਤਾਂ ਕੰਮ ਲੈ ਲੈਂਦੇ ਹਨ ਤੇ ਅਨਪੜ੍ਹ ਤਸਵੀਰਾਂ ਵਾਂਗ ਵੇਖੀ ਤਾਂ ਜਾਂਦੇ ਹਨ ਪਰ ਸਮਝ ਨਾ ਪੈਂਦੀ ਹੋਣ ਕਰਕੇ ਕੰਮ ਨਹੀਂ ਲੈ ਸਕਦੇ।

ਗਿਆਨੀ ਸੁਰਜੀਤ ਸਿੰਘ ਜੀ 'ਸੋਧੀ' ਨੇ ਇਕ ਵਾਰ ਸੰਤ ਜੀ ਤੋਂ ਪੁੱਛਿਆ ਕਿ ਸਿਮਰਨ ਕਰਦਿਆਂ ਜੇ ਚੰਗੇ ਸੰਕਲਪ ਫੁਰਨ ਇਹ ਤਾਂ ਕੋਈ ਹਰਜ਼ ਵਾਲੀ ਗੱਲ ਨਹੀਂ? ਸੰਤ ਜੀ ਕਹਿਣ ਲੱਗੇ ਕਿ ਮਨ ਦਾ ਸੁਭਾਅ ਹੈ, ਪਹਿਲਾਂ ਪਰਉਪਕਾਰ ਕਰਨ ਆਦਿਦੇ ਚੰਗੇ ਚੰਗੇ ਫੁਰਨੇ ਕਰਦਾ ਬੜੇ ਹਰੇ ਹਰੇ ਸਬਜ਼-ਬਾਗ ਦਿਖਾਉਂਦਾ ਹੈ, ਫਿਰ ਆਦਮੀ ਫੁਰਨਿਆਂ ਦੇ ਐਸੇ ਵਹਿਣ ਵਿਚ ਰੁੜ੍ਹ ਜਾਂਦਾ ਹੈ ਕਿ ਫਿਰ ਚੰਗੇ ਮਾੜੇ ਸਾਰੇ ਹੀ ਫੁਰਨ ਲੱਗ ਪੈਂਦੇ ਹਨ। ਇਸ ਕਰਕੇ ਮਨ 'ਤੇ ਪੂਰਾ ਪਹਿਰਾ ਰੱਖਣਾ ਚਾਹੀਦਾ ਹੈ। ਬਾਣੀ ਪੜ੍ਹਦਿਆਂ, ਨਾਮ ਜਪਦਿਆਂ, ਚੰਗਾ ਸੰਕਲਪ ਵੀ ਉਠਣ ਨਹੀਂ ਦੇਣਾ ਚਾਹੀਦਾ, ਨਹੀਂ ਤਾਂ ਫਿਰ ਮਾੜੇ ਸੰਕਲਪ ਵੀ ਉਠਣ ਲੱਗ ਪੈਂਦੇ ਹਨ।

